ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 247 Website : www.punjabiakhbaar.ca EmaiÍ: editor@punjabiakhbaar.ca Friday, 5 July 2024

## ਚੀਨ ਨੇ 2030 ਤੱਕ ਚੰਦਰਮਾ 'ਤੇ ਮਨੁੱਖਾਂ ਨੂੰ ਭੇਜਣ ਦਾ ਟੀਚਾ ਰੱਖਿਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਦਾ ਚੰਦਰਮਾ ਮਿਸ਼ਨ ਚੰਦਰਮਾ ਦੀ ਸਤ੍ਹਾ ਤੋਂ ਮਿੱਟੀ ਲੈ ਕੇ ਧਰਤੀ 'ਤੇ ਪਹੁੰਚ ਗਿਆ ਹੈ। ਇਸ ਦੇ ਨਾਲ ਇਹ ਪਹਿਲਾ ਦੇਸ਼ ਬਣ ਗਿਆ ਹੈ, ਜੋ ਚੰਦਰਮਾ ਦੇ ਹਨੇਰੇ ਵਾਲੇ ਪਾਸੇ ਤੋਂ ਨਮੂਨੇ ਲਿਆਉਣ 'ਚ ਸਫਲ ਰਿਹਾ ਹੈ। ਚੀਨੀ ਰਾਸ਼ਟਰੀ ਪੁਲਾੜ ਪ੍ਰਸ਼ਾਸਨ ਦਾ ਚਾਂਗਏ-6 ਲੈਂਡਰ ਕੈਪਸੂਲ ਵਿੱਚ ਨਮੂਨੇ ਲੈ ਕੇ 53 ਦਿਨਾਂ ਬਾਅਦ ਧਰਤੀ ਉੱਤੇ ਪਰਤਿਆ ਹੈ। ਚੀਨ ਨੇ 3 ਮਈ ਨੂੰ ਚਾਂਗਏ-6 ਮਿਸ਼ਨ ਲਾਂਚ ਕੀਤਾ ਸੀ।ਇਸ ਪੜਤਾਲ ਦਾ ਟੀਚਾ ਚੰਦਰਮਾ ਦੇ ਸਭ ਤੋਂ ਦੂਰ ਦੇ ਹਿੱਸੇ (ਜਿੱਥੇ ਹਨੇਰਾ ਹੁੰਦਾ ਹੈ) ਤੱਕ ਜਾ ਕੇ ਨਮੂਨੇ ਇੱਕੱਠੇ ਕਰਕੇ ਧਰਤੀ 'ਤੇ ਲਿਆਉਣਾ ਸੀ। ਚੀਨ ਨੇ 2030 ਤੱਕ ਚੰਦਰਮਾ 'ਤੇ ਮਨੁੱਖਾਂ ਨੂੰ ਭੇਜਣ ਦਾ ਟੀਚਾ ਰੱਖਿਆ ਹੈ। ਇਹ ਮਿਸ਼ਨ ਵੀ ਇਸੇ ਨਿਸ਼ਾਨੇ ਦਾ ਹਿੱਸਾ ਹੈ। ਹੁਣ ਤੱਕ ਚੰਦਰਮਾ 'ਤੇ ਗਏ ਸਾਰੇ 10 ਚੰਦਰ ਮਿਸ਼ਨ ਸਿਰਫ ਨੇੜਲੇ ਹਿੱਸੇ (ਜੋ ਸਾਨੂੰ ਦਿਖਾਈ ਦਿੰਦੇ ਹਨ) ਤੱਕ ਪਹੁੰਚੇ ਹਨ। ਇਨ੍ਹਾਂ ਵਿੱਚ ਭਾਰਤ ਅਤੇ ਅਮਰੀਕਾ ਵੀ ਸ਼ਾਮਲ ਹਨ।




## ਰਾਸ਼ਟਰਪਤੀ ਜੋਅ ਬਾਇਡਨ ਅਤੇ ਉਨ੍ਹਾਂ ਦੇ ਵਿਰੋਧੀ ਡੋਨਲਡ ਟਰੰਪ ਵਿਚਾਲੇ ਤੂੰ-ਤੂੰ ਮੈਂ ਮੈਂ ਵਿੱਚ ਵਾਧਾ ਹੋਇਆ





ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਨ੍ਹਾਂ ਦੇ ਰਿਪਲਬਲੀਕਨ ਵਿਰੋਧੀ ਡੋਨਲਡ ਟਰੰਪ ਵਿਚਾਲੇ ਰਾਸ਼ਟਰਪਤੀ ਅਹੁਦੇ ਦੀ ਚੋਣ ਪ੍ਰਕਿਰਿਆ ਦੀ ਪਹਿਲੀ ਬਹਿਸ ਹੋਈ। ਇਸ ਦੌਰਾਨ ਅਰਥਵਿਵਸਥਾ, ਸਰਹੱਦ, ਵਿਦੇਸ਼ ਨੀਤੀ, ਗਰਭਪਾਤ ਅਤ ਕੌਮੀ ਸੁਰੱਖਿਆ ਦੀ ਸਥਿਤੀ 'ਤੇ ਬਹਿਸ ਹੋਈ। ਇਸ ਦੌਰਾਨ ਦੋਹਾਂ ਨੇ ਇੱਕ-ਦੂਜੇ ਨੂੰ ਝੂਠਾ ਅਤੇ ਅਮਰੀਕੀ ਇਤਿਹਾਸ ਦਾ ਸਭ ਤੋਂ ਖ਼ਰਾਬ ਰਾਸ਼ਟਰਪਤੀ ਕਰਾਰ ਦਿੱਤਾ। ਸੀ ਐੱਨ ਐੱਨ ਵੱਲੋਂ ਬਾਇਡਨ ਤੇ ਟਰੰਪ ਵਿਚਾਲੇ ਲਗਪਗ 90 ਮਿੰਟ ਲਈ ਕਰਵਾਈ ਬਹਿਸ ਦੌਰਾਨ ਦੋਹਾਂ ਨੇ ਇੱਕ-ਦੂਜੇ 'ਤੇ ਨਿੱਜੀ ਹਮਲੇ ਕੀਤੇ। ਬਾਇਡਨ ਨੇ ਸਾਬਕਾ ਰਾਸ਼ਟਰਪਤੀ ਟਰੰਪ ਨੂੰ 'ਮੂਰਖ ਅਤੇ ਹਾਰਿਆ ਹੋਇਆ ਵਿਅਕਤੀ' ਕਰਾਰ ਦਿੱਤਾ। ਉੱਧਰ, ਟਰੰਪ ਨੇ ਬਾਇਡਨ ਦੇ ਪੁੱਤਰ ਹੰਟਰ ਬਾਇਡਨ ਨੂੰ ਬੰਦੂਕ ਖਰੀਦ ਨਾਲ ਜੁੜੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਦਾ ਜ਼ਿਕਰ ਕਰਦੇ ਹੋਏ ਦੋਸ਼ ਲਾਇਆ, ''ਜਦੋਂ ਉਹ ਇੱਕ ਦੋਸ਼ੀ ਅਪਰਾਧੀ ਬਾਰੇ ਗੱਲ ਕਰਦੇ ਹਨ, ਤਾਂ ਉਨ੍ਹਾਂ ਦਾ ਪੁੱਤਰ ਇੱਕ ਬਹੁਤ ਹੀ ਉੱਚੇ ਪੱਧਰ ਦਾ ਅਪਰਾਧੀ ਹੈ।

## ਬ੍ਰਿਟੇਨ ਵਿਚਲੀਆਂ ਚੋਣਾਂ ਬਾਰੇ ਵੱਖੋ ਵੱਖ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟੇਨ ਵਿੱਚ, ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਨ੍ਹਾਂ ਦੀ ਕੰਜ਼ਰਵੇਟਿਵ ਪਾਰਟੀ ਦੀ ਛੇਤੀ ਚੋਣਾਂ ਦੀ ਦਾਅਵੇਦਾਰੀ ਅਸਫਲ ਹੁੰਦੀ ਨਜ਼ਰ ਆ ਰਹੀ ਹੈ। ਜੁਲਾਈ ਦੇ ਪਹਿਲੇ ਹਫ਼ਤੇ ਹੋਣ ਵਾਲੀ ਵੋਟਿੰਗ ਤੋਂ ਪਹਿਲਾਂ, ਜ਼ਿਆਦਾਤਰ ਸਰਵੇਖਣ ਕੰਜ਼ਰਵੇਟਿਵ ਪਾਰਟੀ ਦੇ ਸਫਾਇਆ ਦੀ ਭਵਿੱਖਬਾਣੀ ਕਰ ਰਹੇ ਹਨ। The Econoimst ਦੇ ਸਰਵੇਖਣ ਵਿੱਚ ਸੁਨਕ ਦੀ ਪਾਰਟੀ ਨੂੰ ਸਭ ਤੋਂ ਵੱਧ 117 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਦੇ ਨਾਲ ਹੀ ਸਾਵੰਤਾ-ਗਾਰਡੀਅਨ ਦੇ ਸਰਵੇਖਣ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੰਜ਼ਰਵੇਟਿਵ ਪਾਰਟੀ ਸਿਰਫ਼ 53 ਸੀਟਾਂ ਤੱਕ ਹੀ ਸੀਮਤ ਰਹਿ ਸਕਦੀ ਹੈ। ਜੋ ਕਿ 2019 ਦੀਆਂ ਚੋਣਾਂ ਵਿੱਚ 365 ਸੀਟਾਂ ਦੇ ਮੁਕਾਬਲੇ ਬਹੁਤ ਘੱਟ ਹੈ। ਇਸ ਦੇ ਨਾਲ ਹੀ 650 ਸੀਟਾਂ ਵਾਲੇ ਸਦਨ ਵਿੱਚ ਕੀਰ ਸਟਾਰਮਰ ਦੀ ਲੇਬਰ ਪਾਰਟੀ ਨੂੰ ਘੱਟੋ-ਘੱਟ 425 ਅਤੇ ਵੱਧ ਤੋਂ ਵੱਧ 516 ਸੀਟਾਂ ਮਿਲਣ ਦੀ ਉਮੀਦ ਹੈ। 7 ਸਰਵੇਖਣਾਂ ਦੀ ਔਸਤ ਇਹ ਵੀ ਦਰਸਾਉਂਦੀ ਹੈ ਕਿ ਸੁਨਕ ਨੂੰ 95 ਅਤੇ ਸਟਾਰਮਰ ਨੂੰ 453 ਸੀਟਾਂ ਮਿਲ ਰਹੀਆਂ ਹਨ। ਹੁਣ ਸੁਨਕ ਵੱਲੋਂ ਜਲਦੀ ਚੋਣਾਂ ਕਰਵਾਉਣ ਦੀ ਦਾਅਵੇਦਾਰੀ 'ਤੇ ਸਵਾਲ ਉਠਾਏ ਜਾ ਰਹੇ ਹਨ ਕਿ ਜਦੋਂ ਉਹ ਲੋਕਪ੍ਰਿਅਤਾ ਦੇ ਲਿਹਾਜ਼ ਨਾਲ ਲੇਬਰ ਪਾਰਟੀ ਤੋਂ 20 ਅੰਕ ਪਿੱਛੇ ਸੀ ਤਾਂ ਜਲਦੀ ਚੋਣਾਂ ਕਿਉਂ ਬੁਲਾਈਆਂ ਗਈਆਂ।

## ਰਾਹੁਲ ਗਾਂਧੀ ਦੇ ਵਿਵਾਦਤ ਲੋਕ ਸਭਾ ਭਾਸ਼ਣ ਦੇ ਕੁੱਝ ਹਿੱਸੇ ਹਟਾਏ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)-ਰਾਸ਼ਟਰਪਤੀ ਦੇ ਭਾਸ਼ਣ 'ਤੇ ਚਰਚਾ ਦੌਰਾਨ ਲੋਕ ਸਭਾ ਵਿੱਚੋਂ ਰਾਹੁਲ ਗਾਂਧੀ ਦੇ ਭਾਸ਼ਣ ਦੇ ਕੁੱਝ ਹਿੱਸੇ ਕੱਢ ਦਿੱਤੇ ਗਏ ਹਨ। ਇਨ੍ਹਾਂ ਹਟਾਏ ਗਏ ਹਿੱਸਿਆਂ ਵਿੱਚ ਹਿੰਦੂਆਂ ਅਤੇ ਹੋਰਾਂ ਬਾਰੇ ਟਿੱਪਣੀਆਂ ਸ਼ਾਮਲ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵੱਜੋਂ ਰਾਹੁਲ ਗਾਂਧੀ ਦੇ ਪਹਿਲੇ ਭਾਸ਼ਣ ਵਿੱਚ ਸੋਮਵਾਰ ਨੂੰ ਭਾਰੀ ਹੰਗਾਮਾ ਹੋਇਆ ਸੀ। ਆਪਣੇ ਭਾਸ਼ਣ ਦੀ ਸ਼ੁਰੂਆਤ ਕਰਦੇ ਹੋਏ ਕਾਂਗਰਸ ਦੇ ਸੰਸਦ ਮੈਂਬਰ ਨੇ ਸੱਤਾਧਾਰੀ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) 'ਤੇ ਨਿਸ਼ਾਨਾ ਸੇਧੇ ਸਨ। ਰਾਹੁਲ ਗਾਂਧੀ ਦੀਆਂ ਟਿੱਪਣੀਆਂ ਦਾ ਭਾਜਪਾ ਦੇ ਸੰਸਦ ਮੈਂਬਰਾਂ ਨੇ ਸਖ਼ਤ ਵਿਰੋਧ ਪ੍ਰਗਟਾਇਆ ਸੀ। ਇਸ ਮਾਮਲੇ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਕੀਤਾ ਸੀ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਮਾਮਲੇ 'ਤੇ ਕਾਂਗਰਸੀ ਸੰਸਦ ਮੈਂਬਰ ਨੂੰ ਮੁਆਫ਼ੀ ਮੰਗਣ ਲਈ ਕਿਹਾ ਹੈ।











GRACE OVERSEAS
IMMIGRATION SOLUTION LTD.
- SINP- PROGRAMS
- FOREIGN WORKER RECRUITMENT(LMIA)
- PR CASES
- FAMILY SPONSORSHIP
- CITIZENSHIP APPLICATION
- STUDY PERMIT+PGWP
- VISITOR+SUPER VISA

SUKHBIR SIDHU (RCIC)
LL.M., B.A.LL.B.
639-999-8552
WWW.GRACECANADA.CA
GRACEIMMISERVICE@GMAIL.COM
#2010, 11TH AVENUE, 7TH FLOOR RBC BUILDING, REGINA,SK






















# ਅਰਪਨ ਲਿਖਾਰੀ ਸਭਾ ਵੱਲੋਂ ਸਾਲਾਨਾ ਸਮਾਗਮ ਵਿੱਚ ਜਸਵਿੰਦਰ .ਗ਼ਜ਼ਲਗੋ ਦਾ ਸਨਮਾਨ ਕੀਤਾ ਗਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ 15 ਜੂਨ 2024 ਨੂੰ ਟੈਂਪਲ ਕਮਿਊਨਟੀ ਹਾਲ ਵਿੱਚ ਮੁੱਖ ਮਹਿਮਾਨ ਜਸਵਿੰਦਰ, ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਭਰਵੇ ਇੱਕਠ ਵਿੱਚ ਹੋਇਆ ।ਉਪਰੰਤ ਕੈਨੇਡਾ ਅਤੇ ਭਾਰਤ ਦੇ ਕੌਮੀਂ ਗੀਤ ਗਾਏ ਗਏ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਕੈਨੇਡੀਅਨ ਬੱਚਿਆਂ ਵੱਲੋਂ ਪੰਜਾਬੀ ਬੋਲੀ ਵਿੱਚ ਆਪੋ ਆਪਣੀਆਂ ਕਵਿਤਾਵਾਂ, ਪੰਜਾਬੀ ਗੀਤ ਤੇ ਤਿੰਨ ਬੱਚੀਆਂ ਨੇ ਨਾਚ ਅਤੇ ਭੰਗੜਾ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਸਭਾ ਵੱਲੋਂ ਜਸਵਿੰਦਰ ਰਾਹੀਂ ਉਨ੍ਹਾਂ ਨੂੰ ਗਿਫ਼ਟ-ਕਾਰਡ ਦੇ ਕੇ ਹੌਸਲਾ ਅਫ਼ਜਾਈ ਕੀਤੀ ।ਇਸ ਔਖੇ ਅਤੇ ਵਿਲੱਖਣ ਕੰਮ ਲਈ ਸੁਖਬੀਰ ਸਿੰਘ ਗਰੇਵਾਲ ਵੱਲੋਂ ਯੰਗਸਤਾਨ ਸੰਸਥਾ ਰਾਹੀਂ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜਨ ਦੇ ਯਤਨਾਂ ਨੂੰ ਵੀ ਸਲਾਹਿਆ ਗਿਆ। ਉਪਰੰਤ ਡਾ. ਜੋਗਾ ਸਿੰਘ ਸਹੋਤਾ ਨੇ ਸਭਾ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ।

ਕੈਲਗਰੀ ਦੇ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਜਸਵਿੰਦਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ .ਗ਼ਜ਼ਲ ਦੇ ਜਨਮ ਅਤੇ ਇਤਿਹਾਸਕ ਪਿਛੋਕੜ ਬਾਰੇ ਬਹੁਤ ਹੀ ਭਾਵਪੂਰਤ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤੀ ਸਾਹਿਤ ਅਕੈਦਮੀ ਦਾ ਪਹਿਲਾ ਪੰਜਾਬੀ .ਗ਼ਜ਼ਲ ਪੁਰਸਕਾਰ ਡਾ. ਜਗਤਾਰ ਨੂੰ ਮਿਲ਼ਿਆ ਸੀ ਅਤੇ ਉਸ ਤੋਂ ਬਾਅਦ ਇਹ ਐਵਾਰਡ ਸਿਰਫ਼ ਜਸਵਿੰਦਰ ਨੂੰ ਹੀ ਮਿਲ਼ਿਆ ਹੈ। ਨੀਰ ਨੇ ਆਖਿਆ ਕਿ ਜਸਵਿੰਦਰ ਨਵੀਂ ਗੱਲ ਵੀ ਕਹਿੰਦਾ ਹੈ ਅਤੇ ਵਿਲੱਖਣ ਅੰਦਾਜ਼ ਵਿੱਚ ਕਹਿੰਦਾ ਹੈ। ਡਾ. ਜੋਗਾ ਸਿੰਘ ਨੇ ਅਰਪਨ ਲਿਖਾਰੀ ਸਭਾ ਦੀ ਸਾਲਾਨਾ ਰੀਪੋਰਟ ਪੇਸ਼ ਕਰਦਿਆਂ ਪੰਜਾਬੀ ਭਾਈਚਾਰੇ ਦੇ ਕਾਰੋਬਾਰੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਜਿਨ੍ਹਾਂ ਦੀ ਖੁੱਲ੍ਹ-ਦਿਲੀ ਨਾਲ ਕੀਤੀ ਮਾਇੱਕ ਸਹਾਇਤਾ ਨਾਲ ਇਹ ਸਮਾਗਮ ਕੀਤਾ ਜਾਂਦਾ ਹੈ। ਡਾ. ਜੋਗਾ ਸਿੰਘ ਸਹੋਤਾ ਨੇ ਜਸਵਿੰਦਰ ਦੀ .ਗ਼ਜ਼ਲ 'ਸੁਣੀਆਂ ਖ਼ੁਦੀ ਤੋਂ ਬੇਖ਼ੁਦੀ ਤੀਕਰ ਕਹਾਣੀਆਂ ਫੇਰ ਵੀ ਮੈਂ ਜ਼ਿੰਦਗੀ ਦੀਆਂ ਰਮਜ਼ਾਂ ਨਾ ਜਾਣੀਆਂ।' ਸਾਜ (ਕੈਸ਼ੀਓ) ਨਾਲ ਸੁਣਾ ਕੇ ਰੰਗ ਬੰਨਿਆ। ਜਰਨੈਲ ਤੱਗੜ ਨੇ ਇੱਕ .ਗ਼ਜ਼ਲ ਸੁਣਾਈ। ਗੁਰਦੀਸ਼ ਗਰੇਵਾਲ ਨੇ ਆਪਣੀ ਇੱਕ ਪੁਸਤਕ ਜਸਵਿੰਦਰ ਸਿੰਘ ਨੂੰ ਭੇਟ ਕੀਤੀ। ਵਰਨਨ ਤੋਂ ਪਹੁੰਚੇ ਸ਼ਾਇਰ ਪਾਲ




ਢਿੱਲੋਂ ਨੇ ਆਪਣੀਆਂ .ਗ਼ਜ਼ਲਾਂ ਦੇ ਚੋਣਵੇਂ ਸ਼ੇਅਰ ਪੇਸ਼ ਕੀਤੇ। ਸੁਰਿੰਦਰ ਗੀਤ ਨੇ ਵੀ ਕਵਿਤਾ ਰਾਹੀਂ ਸਾਂਝ ਪਾਈ।

ਉਪਰੰਤ ਅਰਪਨ ਲਿਖਾਰੀ ਸਭਾ ਦੇ ਕਾਰਜ-ਕਾਰਨੀ ਮੈਂਬਰਾਂ ਵੱਲੋਂ ਜਸਵਿੰਦਰ ਨੂੰ 'ਇੱਕ ਬਾਲ ਅਰਪਨ ਯਾਦਗਾਰੀ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ ਗਿਆ। ਜਸਵਿੰਦਰ ਨੇ ਸਭਾ ਦੇ ਸੁਹਿਰਦ ਅਤੇ ਮੋਢੀ ਮੈਂਬਰ ਇਕਬਾਲ ਖ਼ਾਨ ਨੂੰ ਅਤੇ ਪ੍ਰਸਿੱਧ ਕਵੀ ਸੁਰਜੀਤ ਪਾਤਰ ਨੂੰ ਯਾਦ ਕੀਤਾ। ਉਨ੍ਹਾਂ ਆਖਿਆ ਸਾਡੇ ਕੋਲੋ ਇਨ੍ਹਾਂ ਸ਼ਖ਼ਸੀਅਤਾਂ ਦੇ ਵਿਛੜਨ ਨਾਲ ਪੰਜਾਬੀ ਸ਼ਾਇਰੀ /ਪੰਜਾਬੀ ਲਿਟਰੇਚਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਹ ਹਮੇਸ਼ਾਂ ਸਾਡੀਆਂ ਯਾਦਾਂ ਵਿੱਚ ਉੱਕਰੇ ਰਹਿਣਗੇ ।ਜਸਵਿੰਦਰ ਨੇ ਛੋਟੇ ਬੱਚਿਆਂ ਵੱਲੋਂ ਪੰਜਾਬੀ ਉਚਾਰਣ ਦੀ ਮੁਹਾਰਤ ਨੂੰ ਸਲਾਹੁਦਿਆਂ ਅਰਪਨ ਲਿਖਾਰੀ ਸਭਾ ਦੇ ਇਸ ਉਪਰਾਲੇ ਨੂੰ ਵੀ ਸਲਾਇਆ ਜੋ ਨਵੀਂ ਪੀੜ੍ਹੀ ਨੂੰ ਪੰਜਾਬੀ ਬੋਲੀ ਨਾਲ ਜੋੜਨ ਲਈ ਉਤਸ਼ਾਹਿਤ ਕਰਦਾ ਹੈ। ਉਨ੍ਹਾਂ ਆਖਿਆ ਇਕਬਾਲ ਅਰਪਨ ਆਪ ਇੱਕ ਉੱਘੇ ਸਾਹਿਤਕਾਰ, ਸਮਾਜ ਸੇਵੀ ਅਤੇ ਪੰਜਾਬੀ ਬੋਲੀ ਦੇ ਉਪਾਸ਼ਕ ਸਨ। ਇਸ ਸਭਾ ਨੇ ਉਨ੍ਹਾਂ ਦੇ ਪੂਰਨਿਆਂ ਤੇ ਚੱਲਦਿਆਂ ਉਨ੍ਹਾਂ ਦੇ ਨਾਂ 'ਤੇ ਸਭਾ ਬਣਾ ਕੇ ਨਾਲ ਹੀ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਪਿਛਲੇ ਲੰਮੇ ਸਮੇਂ ਤੋਂ ਦੇ ਕੇ ਕੈਨੇਡਾ ਭਰ ਦੇ ਵੱਖ ਵੱਖ ਸ਼ਹਿਰਾਂ ਤੋਂ ਪੰਜਾਬੀ ਲੇਖਕਾਂ/ਸਾਹਿਤਕਾਰਾਂ ਨੂੰ ਹੋਰ ਵਧੀਆ ਸਾਹਿਤ ਸਿਰਜਣ ਲਈ ਉਤਸ਼ਾਹਿਤ ਕੀਤਾ ਹੈ ।ਇਨ੍ਹਾਂ ਨੂੰ ਇਸ ਗੱਲ ਦੀ ਵਧਾਈ ਵੀ ਦਿੰਦਾ ਹਾਂ ।ਮੇਰੇ ਖ਼ਿਆਲ ਵਿੱਚ ਸ਼ਾਇਦ ਹੀ ਕੈਨੇਡਾ ਵਿੱਚ ਕੋਈ ਵਿਰਲੀ ਸਾਹਿਤ ਸਭਾ ਇਹ ਕੰਮ ਕਰਦੀ ਹੋਵੇਗੀ। ਉਪਰੰਤ ਜਸਵਿੰਦਰ ਨੇ ਆਪਣੀਆਂ ਦੋ ਮਕਬੂਲ .ਗ਼ਜ਼ਲਾਂ ਸਰੋਤਿਆਂ ਦੀਆਂ ਵਾਰ ਵਾਰ ਤਲੀਆਂ ਦੀ ਗੂੰਜ਼ ਵਿੱਚ ਪੇਸ਼ ਕੀਤੀਆਂ ।

'ਸੁਣੇ ਕੋਈ ਤਾਂ ਮੇਰੀ ਹੂਕ ਹੈ ਇਹ
ਪੜ੍ਹੇ ਕੋਈ ਤਾਂ ਮੇਰੀ ਆਰਜ਼ੂ ਹੈ
ਕਿ ਗੂੜ੍ਹੀ ਰਾਤ ਦੇ ਗਲਿਆਰਿਆਂ
ਵਿੱਚ ਕੋਈ ਤਾਂ ਜਗਮਗਾਉਂਦੀ
ਲਹਿਰ ਹੋਵੇ।'

'ਨਹੀਂ ਸਰਨਾ ਖਲਾਰਾ ਹੂੰਝ ਕੇ
ਬੇਕਾਰ ਸੋਚਾਂ ਦਾ ਸਿਰਾਂ ਵਿੱਚ
ਉੱਸਰੇ ਬੁੱਤਾਂ ਦਾ ਢਹਿਣਾ ਜ਼ਰੂਰੀ
ਹੈ'।

ਦੂਸਰੇ ਦੌਰ ਵਿੱਚ ਬਾਣੀ ਕੌਰ ਘਟੌੜਾ ਅਤੇ ਗੁਰਨੂਰ ਕੌਰ ਖੁਣਖੁਣ ਨੇ ਪੰਜਾਬੀ ਗੀਤਾਂ ਤੇ ਨੱਚ ਕੇ ਸਰੋਤਿਆਂ ਲਈ ਪੰਜਾਬੀ ਸੱਭਿਆਚਾਰ ਦੇ ਦਰਸ਼ਨ ਕਰਵਾ ਦਿੱਤੇ। ਬੁਲੰਦ ਆਵਾਜ਼ ਦੇ ਮਾਲਕ ਸੁਖਵਿੰਦਰ ਤੂਰ ਨੇ ਜਸਵਿੰਦਰ ਦੀ ਹੀ .ਗ਼ਜ਼ਲ 'ਪਿੰਡ ਦੀਆਂ ਮੰਜ਼ਲਾਂ ਉਦਾਸ ਕਰ ਜਾਂਦੀਆਂ ਲੰਘਾਂ ਸਰਹਿੰਦ 'ਚੋਂ ਤਾਂ ਅੱਖਾਂ ਭਰ ਜਾਂਦੀਆਂ' ਸੁਣਾ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ ।ਬੀਸੀ ਤੋਂ ਆਏ ਸ਼ਾਇਰ ਹਰਦਮ ਸਿੰਘ ਮਾਨ ਨੇ ਆਪਣੀ .ਗ਼ਜ਼ਲ ਦੀ ਪੇਸ਼ਕਾਰੀ ਬਹੁਤ ਹੀ ਨਿਵੇਕਲ਼ੇ ਅੰਦਾਜ਼ 'ਚ ਕੀਤੀ। ਬੀਸੀ ਤੋਂ ਹੀ ਇੱਕ ਹੋਰ ਨਾਮਵਰ ਸ਼ਾਇਰ ਕ੍ਰਿਸ਼ਨ ਭਨੋਟ ਨੇ 'ਸਮਾਂ ਕਦੇ ਨਾ ਬੀਤਿਆਂ ਹੱਥ ਆਵੇ' ਸੁਣਾ ਕੇ .ਗ਼ਜ਼ਲ ਕਹਿਣ ਦੀ ਮੁਹਾਰਤ ਦਾ ਸਬੂਤ ਪੇਸ਼ ਕੀਤਾ। ਬੀਸੀ ਤੋਂ ਆਏ ਸ਼ਾਇਰ ਮਨਪ੍ਰੀਤ ਪ੍ਰੀਤ ਨੇ ਆਪਣੇ ਫੰਨ ਦਾ ਬਹੁਤ ਹੀ ਨਿਵੇਕਲਾ ਮੁਜ਼ਾਹਰਾ ਕੀਤਾ ।ਡਾ. ਜੋਗਾ ਸਿੰਘ ਸਹੋਤਾ ਨੇ ਕੇਸਰ ਸਿੰਘ ਨੀਰ ਦੀ ਇੱਕ .ਗ਼ਜ਼ਲ ਪੇਸ਼ ਕਰਕੇ ਰੰਗ ਬੰਨਿਆਂ। ਡਾ. ਕੇਵਲ ਸਿੰਘ ਪਰਵਾਨਾ ਨੇ 'ਕਿਤੇ ਪਹੁੰਚਣ ਲਈ ਦੋ ਰਸਤੇ ਫੜੇ ਸਨ' .ਗ਼ਜ਼ਲ ਪੇਸ਼ ਕੀਤੀ। ਬਚਨ ਸਿੰਘ ਗੁਰਮ, ਜਸ ਚਾਹਲ, ਸੁਰਿੰਦਰ ਕੈਂਥ, ਸਰਦੂਲ ਸਿੰਘ ਲੱਖਾ, ਨੇ ਆਪੋ ਆਪਣੇ ਕਲਾਮ ਸੁਣਾ ਕੇ ਸਮਾਂ ਬੰਨਿਆ। ਕੈਲਗਿਰੀ ਵਿੱਚ ਕਵੀਸ਼ਰੀ ਪ੍ਰੰਮਪਰਾ ਨੂੰ ਜਿਉਂਦੀ ਰੱਖਣ ਵਾਲੇ ਕਵੀਸ਼ਰਾਂ ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਦੀ ਜੋੜੀ ਨੇ ਕਵੀਸ਼ਰੀ ਰੰਗ ਵਿੱਚ 'ਕਲੀ' ਪੇਸ਼ ਕੀਤੀ ।ਜਰਨਲ ਸਕੱਤਰ ਜਸਵੰਤ ਸਿੰਘ ਸੇਖੋਂ ਕਵੀਸ਼ਰੀ ਰੰਗ ਵਿੱਚ ਬਾਬਾ ਬਦਨ ਸਿੰਘ ਜੀ ਸਰਾਭਾ ਅਤੇ ਸ੍ਰ ਸਰਾਭੇ ਦੀ ਭੈਣ ਧੰਨ ਕੌਰ ਜੀ ਦੀ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ ਆਖ਼ਰੀ ਮੁਲਾਕਾਤ ਦਾ ਦ੍ਰਿਸ਼ ਪੇਸ਼ ਕਰਕੇ ਕਵੀਸ਼ਰੀ ਰੰਗ ਦੀਆਂ ਰੰਗਣਾਂ ਨੂੰ ਉਚਾਈਆਂ ਤੇ ਲੈ ਗਏ ।ਪਰਮਜੀਤ ਭੰਗੂ ਨੇ ਆਪਣੀ ਇੱਕ ਕਵਿਤਾ ਨਾਲ ਹਾਜ਼ਰੀ ਲਗਵਾਈ ਨਾਲ ਹੀ ਸਮਾਗਮ ਦੀ ਵਿਡੀਓਗ੍ਰਾਫ਼ੀ ਕਰਨ ਦੀ ਸੇਵਾ ਵੀ ਨਿਭਾਈ।

ਇਸ ਸਾਹਿਤਕ ਸਮਾਗਮ ਵਿੱਚ ਸਟੇਜ ਸਕੱਤਰ ਦੀਆਂ ਜ਼ਿੰਮੇਂਵਾਰੀਆਂ ਜਸਵੰਤ ਸਿੰਘ ਸੇਖੋਂ ਨੇ ਬਾਖ਼ੂਬੀ ਨਿਭਾਈਆਂ ਗਈਆਂ।

ਅਖ਼ੀਰ ਤੇ ਡਾ. ਜੋਗਾ ਸਿੰਘ ਸਹੋਤਾ ਨੇ ਆਏ ਹੋਏ ਵਿਦਵਾਨ ਸਾਹਿਤਕਾਰਾਂ, ਸਰੋਤਿਆਂ, ਆਪਣੇ ਭਾਈਚਾਰੇ ਦੇ ਕਾਰੋਬਾਰੀਆਂ, ਪੰਜਾਬੀ ਮੀਡੀਆ ਅਤੇ ਸਭਾ ਦੇ ਵਾਲੰਟੀਅਰਾਂ ਦੇ ਦਿਨ ਰਾਤ ਕੀਤੀ ਮਿਹਨਤ ਲਈ ਸਮਾਗਮ ਦੀ ਸਫ਼ਲਤਾ ਲਈ ਪਾਏ ਯੋਗਦਾਨ ਧੰਨਵਾਦ ਕੀਤਾ ।ਮੁੱਖ ਮਹਿਮਾਨ ਨਾਲ ਆਏ ਸ਼ਾਇਰਾਂ/ਸਾਹਿਤਕਾਰਾਂ ਨਾਲ ਸ਼ਾਮ ਦੇ ਭੋਜਨ ਦੇ ਨਾਲ ਨਾਲ ਸ਼ਾਇਰੋ ਸ਼ਾਇਰੀ ਦਾ ਅੰਨਦ ਮਾਣਦੇ ਹੋਏ ,ਇਸੇ ਤਰ੍ਹਾਂ ਅਗਲੇ ਸਾਲ ਮਿਲਣ ਦੀ ਕਾਮਨਾ ਕਰਦਿਆਂ ਪ੍ਰੋਗ੍ਰਾਮ ਦੀ ਸਮਾਪਤੀ ਹੋਈ

# ਪੰਜਾਬੀ ਕਲਚਰਲ ਐਸੋਸੀਏਸ਼ਨ ਅਤੇ ਵਿਧਾਨ ਸਭਾ ਅਲਬਰਟਾ ਵੱਲੋਂ .ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਦਾ ਸਨਮਾਨ

ਸਰੀ, (ਹਰਦਮ ਮਾਨ)- ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ ਐਡਮਿੰਟਨ ਵੱਲੋਂ ਬੀਤੇ ਦਿਨੀਂ .ਗ਼ਜ਼ਲ ਮੰਚ ਸਰੀ ਦੇ ਸ਼ਾਇਰ ਕ੍ਰਿਸ਼ਨ ਭਨੋਟ, ਜਸਵਿੰਦਰ, ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਦੇ ਮਾਣ ਵਿਚ ਵਿਸ਼ੇਸ਼ ਸਮਾਗਮ ਰਚਾਇਆ ਗਿਆ। ਐਸੋਸੀਏਸ਼ਨ ਦੇ ਹਾਲ ਵਿੱਚ ਹੋਏ ਸਮਾਗਮ ਵਿਚ ਐਡਮਿੰਟਨ ਅਤੇ ਆਸ ਪਾਸ ਦੇ ਖੇਤਰ ਦੇ ਬਹੁਤ ਸਾਰੇ ਲੇਖਕ ਅਤੇ ਪੰਜਾਬੀ ਪ੍ਰੇਮੀ ਇਕੱਤਰ ਹੋਏ। ਮਹਿਮਾਨ ਸ਼ਾਇਰਾਂ ਨੂੰ 'ਜੀ ਆਇਆਂ' ਕਹਿੰਦਿਆਂ ਗੁਰਤੇਜ ਸਿੰਘ ਨੇ ਸੰਖੇਪ ਜਾਣ ਪਛਾਣ ਕਰਵਾਈ ਅਤੇ ਉਸ ਤੋਂ ਬਾਅਦ ਇਹਨਾਂ ਸ਼ਾਇਰਾਂ ਨੇ ਆਪਣੇ ਸਾਹਿਤਕ ਸਫਰ ਤੇ ਆਪਣੀ ਸ਼ਾਇਰੀ ਬਾਰੇ ਗੱਲਬਾਤ ਕੀਤੀ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਨੇ ਪੰਜਾਬੀ .ਗ਼ਜ਼ਲ ਦੇ ਪਿਛੋਕੜ ਅਤੇ ਸ਼ੁਰੂਆਤੀ ਸਮੇਂ ਦੀਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਅਤੇ ਪੰਜਾਬੀ .ਗ਼ਜ਼ਲ ਦੇ ਹੁਣ ਤੱਕ ਦੇ ਸਫਰ ਬਾਰੇ ਚਾਨਣਾ ਪਾਇਆ। ਉਹਨਾਂ ਆਪਣੀਆਂ ਦੋ ਗਜ਼ਲਾਂ ਵੀ ਸੁਣਾਈਆਂ। ਐਡਮਿੰਟਨ ਦੇ ਲੇਖਕਾਂ, ਪਾਠਕਾਂ ਦੀ ਸ਼ਲਾਘਾ ਕਰਦਿਆਂ ਗਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ ਨੇ ਕਿਹਾ ਕਿ ਬੜੀ ਖੁਸ਼ੀ ਹੈ ਕਿ ਅੱਜ ਦੇ ਪਦਾਰਥਵਾਦੀ ਦੌਰ ਵਿੱਚ ਤੁਸੀਂ ਸਾਰੇ ਸ਼ਬਦ ਨਾਲ, ਸਾਹਿਤ ਨਾਲ ਜੁੜੇ ਹੋਏ ਹੋ। ਇਹਨਾਂ ਮੁਲਕਾਂ ਵਿੱਚ ਆ ਕੇ ਏਨਾ ਸਮਾਂ ਕੱਢਣਾ, ਆਪਣੀ ਸੰਵੇਦਨਾ ਨੂੰ ਜ਼ਿੰਦਾ ਰੱਖਣਾ ਬੜਾ ਔਖਾ ਹੁੰਦਾ ਹੈ। ਤੁਸੀਂ ਸਾਰੇ ਬੜੇ ਸੰਵੇਦਨਸ਼ੀਲ ਇਨਸਾਨ ਹੋ ਜਿਨ੍ਹਾਂ ਨੂੰ ਸਮਾਜ ਦਾ ਤੇ ਆਪਣੇ ਆਲੇ ਦੁਆਲੇ ਦਾ ਵੀ ਫਿਕਰ ਹੈ। ਤੁਸੀਂ ਸ਼ਬਦ ਰਾਹੀਂ ਸੱਚ ਨੂੰ ਜਿਉਂ ਰਹੇ ਹੋ,



ਜ਼ਿੰਦਾ ਰੱਖ ਰਹੇ ਹੋ ਅਤੇ ਆਲੇ ਦੁਆਲੇ ਇਸ ਤਰਾਂ ਦੀ ਲੋਅ ਫੈਲਾਅ ਰਹੇ ਹੋ। ਉਨ੍ਹਾਂ ਆਪਣੀਆਂ ਕੁਝ ਰਚਨਾਵਾਂ ਵੀ ਸਾਂਝੀਆਂ ਕੀਤੀਆਂ। ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਆਪਣੀ ਸੰਖੇਪ ਜਾਣ ਪਛਾਣ ਕਰਵਾਉਣ ਦੇ ਨਾਲ ਨਾਲ ਆਪਣੀਆਂ .ਗ਼ਜ਼ਲਾਂ ਪੇਸ਼ ਕੀਤੀਆਂ। ਇਸ ਮੌਕੇ ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ ਦੇ ਸੀਨੀਅਰ ਆਗੂ ਡਾ. ਆਰ.ਪੀ. ਕਾਲੀਆ ਨੇ ਇਸ ਐਸੋਸੀਏਸ਼ਨ ਦੀ ਸਥਾਪਨਾ ਅਤੇ ਐਡਮਿੰਟਨ ਦੀਆਂ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਦੇ ਪਿਛੋਕੜ ਅਤੇ ਮੌਜੂਦਾ ਸੰਦਰਭ ਵਿੱਚ ਗੱਲ ਕੀਤੀ। ਉਹਨਾਂ ਅਜੋਕੇ ਹਾਲਾਤ ਉੱਪਰ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ। ਸਮਾਗਮ ਵਿੱਚ ਸ਼ਾਮਿਲ ਵਰਿੰਦਰ ਕੌਰ, ਮਨਜੀਤ ਬਰਾੜ, ਬਖਸ਼ ਸੰਘਾ, ਨਵਤੇਜ ਬੈਂਸ, ਕਰਨੈਲ ਸ਼ੇਰਪੁਰੀ, ਡਾ. ਕਮਲ, ਗੁਰਿੰਦਰ ਕਲਸੀ, ਸੰਨੀ ਧਾਲੀਵਾਲ, ਸੇਵਕ ਸਿੰਘ, ਸਿਮਰ, ਪਵਿੱਤਰ ਧਾਲੀਵਾਲ ਅਤੇ ਕਿਰਤਮੀਤ ਨੇ ਵੀ ਆਪਣੀਆਂ ਕਾਵਿ ਰਚਨਾਵਾਂ ਸੁਣਾਈਆਂ।

ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਅਲਬਰਟਾ ਦੇ ਐਮਐਲਏ ਜਸਵੀਰ ਦਿਓਲ ਨੇ ਸ਼ਾਇਰ ਕ੍ਰਿਸ਼ਨ ਭਨੋਟ, ਜਸਵਿੰਦਰ, ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਦਾ ਸਵਾਗਤ ਕੀਤਾ ਅਤੇ ਇਨ੍ਹਾਂ ਸ਼ਾਇਰਾਂ ਦੇ ਸਾਹਿਤਕ ਯੋਗਦਾਨ ਨੂੰ ਮਾਣ ਦਿੰਦਿਆਂ ਵਿਧਾਨ ਸਭਾ ਅਲਬਰਟਾ ਵੱਲੋਂ ਸਨਮਾਨ ਪੱਤਰ ਪ੍ਰਦਾਨ ਕੀਤੇ। ਸਮੁੱਚੇ ਸਮਾਗਮ ਦਾ ਸੰਚਾਲਨ ਗੁਰਤੇਜ ਸਿੰਘ ਨੇ ਆਪਣੇ ਵਿਸ਼ੇਸ਼ ਲਹਿਜ਼ੇ ਵਿੱਚ ਪੇਸ਼ ਕਰਕੇ ਮਾਹੌਲ ਨੂੰ ਖੁਸ਼ਨੁਮਾ ਬਣਾਈ ਰੱਖਿਆ।

# ਇੰਕਾ ਸੀਨੀਅਰ ਸਿਟੀਜਨ ਸੋਸਾਈਟੀ ਦੇ ਮੈਂਬਰਾਂ ਨੇ ਪ੍ਰੇਰੀਵਿੰਡ ਪਾਰਕ ਦੇ ਵਿੱਚ ਪਿਕਨਿਕ ਮਨਾਈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)ਕੈਲਗਰੀ ਦੇ ਬਜ਼ੁਰਗਾਂ ਦੀ ਸੰਸਥਾ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਨੇ ਕੁੱਝ ਦਿਨ ਪਹਿਲਾਂ ਇੱਕ ਲੋਕਲ ਟੂਰ ਕੈਲਗਰੀ ਦੇ ਪ੍ਰੇਰੀਵਿੰਡ ਪਾਰਕ ਦੇ ਸੈਡ ਨੰਬਰ ਤਿੰਨ ਦੇ ਨਜਦੀਕ ਪਿਕਨਿਕ ਮਨਾ ਕੇ ਲਗਾਇਆ। ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸਾਰੇ ਮੈਂਬਰਾਂ ਨੂੰ ਪਹਿਲਾਂ ਹੀ ਸੱਦਾ ਦਿੱਤਾ ਗਿਆ ਸੀ। ਇਸ ਤੋਂ ਬਿਨਾਂ ਮਲਟੀ ਕਲਚਰ ਸੋਸਾਇਟੀ ਦੇ ਮੈਂਬਰ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਸਭ ਤੋਂ ਪਹਿਲਾਂ ਚਾਹ ਪਕੌੜੇ ਤੇ ਗੁਲਾਬ ਜਾਮਣਾ ਵਰਤਾਈਆਂ ਗਈਆਂ। ਦੁਪਹਿਰ ਵੇਲੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਦਾ ਹਾਜ਼ਰੀਨ ਨੇ ਆਨੰਦ ਮਾਣਿਆ। ਇਹ ਟੂਰ ਪ੍ਰੋਗਰਾਮ ਹਰ ਪੱਖੋਂ ਸਫਲ ਰਿਹਾ। ਬਿੱਕਰ ਸਿੰਘ ਸੰਧੂ, ਸੁਰਮਖ ਸਿੰਘ ਕੂਨਰ, ਕੁਲਬੀਰ ਕਾਲਕਟ ਨੇ ਇਸ ਪ੍ਰੋਗਰਾਮ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਸੰਸਥਾ ਦੇ ਪ੍ਰਧਾਨ ਮੋਤਾ ਸਿੰਘ ਮਨਹਾਸ ਨੇ ਆਏ ਹੋਏ ਸਾਰਿਆਂ ਦਾ ਆਖਿਰ ਵਿੱਚ ਧੰਨਵਾਦ ਕੀਤਾ।



# ਹੈਲੋ! ਮੈਂ ਲਾਹੌਰ ਤੋਂ ਬੋਲਦਾ ਆਲਾ ਗਿੱਲ ਰੌਂਤਾ ਜਦੋਂ ਕੈਲਗਰੀ ਆਕੇ ਬੋਲਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 16 ਜੂਨ ਵਾਲੇ ਦਿਨ ਕੈਲਗਰੀ ਵਿਖੇ ਹੋਏ ਇੱਕ ਨਿਵੇਕਲੀ ਕਿਸਮ ਦੇ ਕਿਤਾਬ ਰਿਲੀਜ਼ ਸਮਾਰੋਹ ਨੇ ਸਾਹਿਤਿਕ ਖੇਤਰ ਅੰਦਰ ਟਿਕਟਾਂ ਖਰੀਦਕੇ ਹਾਲ ਅੰਦਰ ਆਉਣ ਦੀ ਨਵੀਂ ਪਿਰਤ ਪਾਈ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਲੇਖਕ ਦੀ ਕਿਤਾਬ ਖਰੀਦਣ ਤੋਂ ਪਹਿਲਾਂ ਹਾਲ ਅੰਦਰ ਆਉਣ ਲਈ 20 ਡਾਲਰ ਦੀ ਟਿਕਟ ਖਰੀਦਣੀ ਪਈ ਹੋਵੇ ਨਹੀਂ ਤਾਂ ਆਮ ਤੌਰ ਤੇ ਕਿਤਾਬਾਂ ਦੇ ਲੇਖਕ ਮਿੰਨਤਾ ਕਰ ਕਰਕੇ ਦੋਸਤਾਂ ਮਿੱਤਰਾਂ ਰਿਸਤੇਦਾਰਾਂ ਦੀ ਵੀਹ ਪੰਜਾਹ ਮੈਂਬਰਾਂ ਦੀ ਹਾਜਿਰੀ ਤਾੜੀਆਂ ਮਰਵਾਊਣ ਲਈ ਮਸਾਂ ਇਕੱਠੀ ਕਰਦੇ ਹਨ। ਇਹਨੀ ਦਿਨੀ ਚਰਚਾ ਵਿੱਚ ਹੈਲੋ! ਮੈਂ ਲਾਹੌਰ ਤੋਂ ਬੋਲਦਾ ਦਾ ਰਚੇਤਾ ਗਿੱਲ ਰੌਂਤਾ ਕੁਲਵੰਤ ਨਾਹਲ ਅਤੇ ਗੁਰਲਾਲ ਮਾਣੂੰਕਿਆਂ ਵਾਲੇ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਉਲੀਕੇ ਪਰੋਗਰਾਮ ਤਹਿਤ ਰੈਡ ਸਟੋਨ ਏਰੀਆ ਵਿਚਲੇ ਥੀਏਟਰ ਵਿੱਚ ਪੁੱਜਾ। ਮੰਚ ਉਪਰੋਂ ਪਰਾਈਮ ਏਸੀਆ ਵਾਲੇ ਪਰਮਵੀਰ ਬਾਠ ਦੇ ਸੱਦੇ ਉੱਪਰ ਗਿੱਲ ਰੌਂਤਾ ਨੇ ਆਪਣੇ ਮਨ ਦੇ ਬਲਬਲੇ ਕੈਲਗਰੀ ਵਾਸੀਆਂ ਨਾਲ ਸਾਂਝੇ ਕੀਤੇ ਅਤੇ ਕੈਲਗਰੀ ਦੀਆਂ ਨਾਮਵਰ ਸਖ਼ਸੀਅਤਾਂ ਦੀ ਹਾਜਿਰੀ ਵਿੱਚ ਹੈਲੋ! ਮੈਂ ਲਾਹੌਰ ਤੋਂ ਬੋਲਦਾ ਕਿਤਾਬ ਰਿਲੀਜ਼ ਕੀਤੀ।



## ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਦੀ ਮਹੀਨਾਵਾਰ ਮੀਟਿੰਗ ਹੋਈ

**"ਰੁੱਤਾਂ ਮੁੜ ਮੁੜ ਆਉਣਗੀਆਂ, ਜਿੰਦੜੀਏ ਤੋਂ ਮੁੜ ਕੇ ਨਹੀਂ ਆਉਣਾ"**



ਕੈਲਗਰੀ (ਪੰਜਾਬੀ ਅਖਬਾਰ ਬਿਊਰੋ)ਸਾਊਥ ਏਸ਼ੀਆਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਜਿਸਨੂੰ ਸਾਕਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਦੀ ਮਹੀਨਾਵਾਰ ਮੀਟਿੰਗ ਪ੍ਰੇਰੀਵਿੰਡ ਪਾਰਕ ਵਿੱਚ ਹੋਈ। ਮਹਿੰਦਰ ਸਿੰਘ ਮੁੰਡੀ ਨੇ ਸਾਰੇ ਮੈਂਬਰਾਂ ਨੂੰ ਜੀ ਆਇਆ ਨੂੰ ਕਿਹਾ ਅਤੇ ਜਿਨਾਂ ਦੇ ਇਸ ਮਹੀਨੇ ਜਨਮਦਿਨ ਸਨ ਉਹਨਾਂ ਨੂੰ ਵਧਾਈ ਦਿੱਤੀ । ਪ੍ਰੋਗਰਾਮ ਦੀ ਸ਼ੁਰੂ ਵਿੱਚ ਜੂਨ ਮਹੀਨੇ ਨੂੰ ਸ਼ਹੀਦੀ ਮਹੀਨੇ ਦੇ ਤੌਰ ਤੇ ਜਾਣਿਆ ਜਾਣ ਕਰਕੇ ਦੋ ਮਿੰਟ ਦਾ ਮੌਨ ਵੀ ਧਾਰਨ ਕੀਤਾ ਗਿਆ। ਜਰਨੈਲ ਸਿੰਘ ਤੱਗੜ ਨੇ ਇਹਨਾਂ ਦਿਨਾਂ ਦੀਆਂ ਸ਼ਹੀਦੀਆਂ ਬਾਰੇ ਗੱਲਬਾਤ ਕੀਤੀ। ਸਰਿੰਦਰ ਕੌਰ ਕੈਂਥ ਨੇ ਵੀ ਇਹਨਾਂ ਦਿਨਾਂ ਬਾਰੇ ਹੀ ਬੋਲਿਆ ।ਹਰਚੰਦ ਸਿੰਘ ਜੀ ਨੇ ਮਾਂ ਬਾਰੇ ਕਵਿਤਾ ਸੁਣਾਈ ।ਜਸਵਿੰਦਰ ਕੌਰ ਬਰਾੜ ਨੇ ਰੱਬ ਨੂੰ ਮਨਾਉਣਾ ਚਾਹੀਦਾ ਕਵਿਤਾ ਦੇ ਰੂਪ ਵਿੱਚ ਗਾਇਆ। ਸਰਬਜੀਤ ਉਪਲ ਨੇ ਤੀਵੀਂ ਮਰਦ ਦੀ ਲੜਾਈ ਕਰਾ ਕੇ ਮਨ ਮਨੌਤੀ ਵੀ ਕਰਵਾ ਦਿੱਤੀ। ਕੁਲਦੀਪ ਕੌਰ ਘਟੌੜਾ ਜੀ ਨੇ ਦੱਸਿਆ ਕਿ ਮਰਦ ਨੂੰ ਬੱਚਿਆਂ ਬੈਠਿਆਂ ਤੋਂ ਆਪਦੀ ਘਰਵਾਲੀ ਦੀ ਹਮਾਇਤ ਕਰਾਉਣੀ ਚਾਹੀਦੀ ਹੈ ਨਾ ਕਿ ਉਹ ਵੀ ਬੱਚਿਆਂ ਮਗਰ ਲੱਗ ਕੇ ਜਨਾਨੀ ਦੇ ਗਲ ਹੀ ਪਈ ਜਾਵੇ। ਅਤੇ ਪੈਨਸ਼ਨ ਬਾਰੇ ਗੱਲ ਕਰਦਿਆਂ ਕਿਹਾ ਕਿ ਆਪਣੀ ਪੈਨਸ਼ਨ ਦੀ ਰਕਮ ਆਪ ਹੀ ਖਰਚ ਕਰਨੀ ਚਾਹੀਦੀ ਹੈ। ਅਮਰਜੀਤ ਗਰੇਵਾਲ ਅਤੇ ਉਸਦੀ ਭੈਣ ਨੇ ਲੰਬੀ ਹੇਕ ਵਾਲੇ ਮਾਵਾਂ ਧੀਆਂ ਦੇ ਗੀਤ ਸੁਣਾਏ। ਗੁਰਤੇਜ ਸਿੱਧੂ ਨੇ "ਰੁੱਤਾਂ ਮੁੜ ਮੁੜ ਆਉਣਗੀਆਂ ਜਿੰਦੜੀਏ ਤੋਂ ਮੁੜ ਕੇ ਨਹੀਂ ਆਉਣਾ" ਗੀਤ ਸੁਣਾਇਆ। ਸੁਰਿੰਦਰ ਕੌਰ ਸੰਧੂ ਨੇ ਹਾਸੇ ਠੱਠੇ ਵਾਲਾ ਗੀਤ ਗਾਇਆ। ਮਹਿੰਦਰ ਸਿੰਘ ਨੇ ਚੁਟਕਲੇ ਸੁਣਾ ਕੇ ਸਭ ਨੂੰ ਹਸਾਇਆ ।ਚਾਹ ਪਾਣੀ ਤੋਂ ਬਾਅਦ ਜਨਮ ਦਿਨ ਵਾਲਿਆਂ ਲਈ ਕੇਕ ਕੱਟਿਆ ਗਿਆ। ਸਟੇਜ ਦੀ ਡਿਊਟੀ ਗੁਰਮੇਲ ਸਿੰਘ ਨੇ ਨਿਭਾਈ।

## ਲੋਕਾਂ ਲਈ ਖਤਰਾ ਬਣੀ 205 ਫੁੱਟ ਲੰਮੀ ਹਾਕੀ ਨੂੰ ਹੁਣ ਪਾਸੇ ਕਰ ਦਿੱਤਾ ਜਾਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਡੰਕਨ ਵਿੱਚ ਸਥਿੱਤ ਕੋਵੀਚੈਨ ਐਰੀਨਾ ਉੱਪਰ ਸਥਾਪਤ ਕੀਤੀ ਗਈ ਵਿਸ਼ਾਲ ਹਾਕੀ ਸਟਿਕ ਨੂੰ ਹੁਣ ਉੱਥੋਂ ਹਟਾ ਦਿੱਤਾ ਜਾਵੇਗਾ। ਕੋਵਿਚੇਨ ਵੈਲੀ ਰੀਜਨਲ ਡਿਸਟਰਿਕ ਨੇ ਦੱਸਿਆ ਕਿ ਇਹ ਵਿਸ਼ਾਲ ਹਾਕੀ ਜੋ 80ਵੇਂ ਦਹਾਕੇ ਵਿੱਚ ਇੱਥੇ ਸਥਾਪਿਤ ਕੀਤੀ ਗਈ ਸੀ ਦੀ ਮਿਆਦ ਹੁਣ ਖਤਮ ਹੋ ਗਈ ਹੈ। ਵਰਨਣ ਯੋਗ ਹੈ ਕਿ ਇਸ ਹਾਕੀ ਨੂੰ ਪਹਿਲਾਂ 1986 ਵਿੱਚ ਵੈਨਕੂਵਰ ਵਿੱਚ ਹੋਈ ਇੱਕ ਐਗਜੀਬਿਸ਼ਨ ਵਾਸਤੇ ਤਿਆਰ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਇਸ ਨੂੰ ਲਿਆ ਕੇ ਕੋਵੀਚੈਨ ਕਮਿਊਨਿਟੀ ਸੈਂਟਰ ਦੀ ਬਿਲਡਿੰਗ ਵਿੱਚ 1988 ਵਿੱਚ ਸਥਾਪਿਤ ਕਰ ਦਿੱਤਾ ਗਿਆ ਸੀ ਤੇ ਪਿਛਲੇ 35 ਸਾਲਾਂ ਤੋਂ ਇਹ ਹਾਕੀ ਸਟਿਕ ਇਸ ਖੇਤਰ ਦੀ ਪਹਿਚਾਣ ਬਣੀ ਹੋਈ ਸੀ। ਸਾਲ 2000 ਵਿੱਚ ਇਸ ਦੀ ਮੁਰੰਮਤ ਕਰਕੇ ਇਸ ਦੀ ਮਿਆਦ ਵਧਾਈ ਗਈ ਸੀ। ਪਰ ਹੁਣ ਮੰਨਿਆ ਜਾ ਰਿਹਾ ਹੈ ਕਿ ਇਸ ਦੀ ਮਿਆਦ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ ਅਤੇ ਇਹ ਲੋਕਾਂ ਵਾਸਤੇ ਖਤਰਾ ਬਣ ਸਕਦੀ ਹੈ ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੈਂਬਰ ਮਿਲਣੀ

**ਉਹ ਪਿਤਾ ਬਾਪ ਕਹਾਉਣ ਦੇ ਹੱਕਦਾਰ ਨਹੀਂ, ਜਿਹੜੇ ਆਪਣੇ ਬੱਚਿਆਂ ਪ੍ਰਤੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ- ਸੁਰਿੰਦਰਜੀਤ ਪਲਾਹਾ**

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 24 ਜੂਨ ਵਾਲੇ ਦਿਨ ਵੀਵੋ ਕੰਪਲੈਕਸ ਦੇ ਹਾਲ ਵਿੱਚ ਹੋਈ। ਪ੍ਰਧਾਨਗੀ ਮੰਡਲ ਵਿੱਚ ਸੁਰਿੰਦਰਜੀਤ ਪਲਾਹਾ, ਪ੍ਰਸ਼ੋਤਮ ਭਾਰਦਵਾਜ, ਦਿਲਾਵਰ ਸਿੰਘ ਸਮਰਾ ਦੇ ਨਾਲ਼ ਅਮਰੀਕ ਸਿੰਘ ਧਾਮੀ ਅਤੇ ਕੁਲਵੰਤ ਰਾਏ ਸ਼ਰਮਾ ਨੂੰ ਸਨਮਾਨ ਵੱਜੋਂ ਸ਼ਾਮਿਲ ਕੀਤਾ ਗਿਆ। ਸੁਰਿੰਦਰਜੀਤ ਪਲਾਹਾ ਨੇ ਪਿਤਾ ਦਿਵਸ ਬਾਰੇ ਬੋਲਦਿਆਂ ਕਿਹਾ ਕਿ ਲਾਇਕ ਪਿਤਾ ਬੱਚੇ ਦਾ ਉਸਰੱਈਆ ਹੈ ਜੋ ਉਸ ਲਈ ਸਾਰੇ ਵਸੀਲੇ ਵਰਤ ਕੇ , ਪਿਆਰ ਅਤੇ ਸੁਚੱਜੀ ਅਗਵਾਈ ਦੇ ਕੇ ਉਸ ਨੂੰ ਕਾਮਯਾਬ ਜ਼ਿੰਦਗੀ ਦੇ ਸਹੀ ਰਾਹ ਤੇ ਪਾਉਂਦਾ ਹੈ। ਪਰ ਉਹ ਪਿਤਾ ਬਾਪ ਕਹਾਉਣ ਦੇ ਹੱਕਦਾਰ ਨਹੀਂ ਜਿਹੜੇ ਆਪਣੇ ਬੱਚਿਆਂ ਪ੍ਰਤੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ। ਜੂਨ ਮਹੀਨੇ ਵਿੱਚ ਕੁਲਵੰਤ ਕੌਰ, ਬਲਵੀਰ ਕੌਰ ਮੱਲ੍ਹੀ, ਤੇਜਿੰਦਰ ਕੌਰ ਮਦਾਨ, ਜਸਵੀਰ ਕੌਰ ਧਾਲ਼ੀਵਾਲ਼, ਗੁਰਬਚਨ ਬਰਾੜ, ਕਰਮ ਸਿੰਘ ਮੁੰਡੀ, ਅਮਰਪਾਲ ਸਿੰਘ ਮੁੰਡੀ, ਸਰਬਜੀਤ ਸਿੰਘ ਰੰਧਾਵਾ, ਚਰਨਜੀਤ ਸਿੰਘ ਸ਼ੇਰਗਿੱਲ, ਗੁਰਬਚਨ ਸਿੰਘ ਸਮਰਾ ਅਤੇ ਜਗਦੇਵ ਸਿੰਘ ਹੋਰਾਂ ਦੇ ਜਨਮ ਦਿਨ ਸਨ ਇਸ ਲਈ ਇਨ੍ਹਾਂ ਮੈਂਬਰਾਂ ਨੂੰ ਟੋਕਨ ਵੱਜੋਂ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ। ਏਸੀ ਕਾਰਗਿਲ ਲਿਖਿਤ' ਨਾਟਕ ਦੀ ਪੰਜਾਬੀ ਵਿੱਚ ਅਨੁਵਾਦਿਤ ਪੁਸਤਕ ' ਚੀ ਤੇ ਫ਼ੀਦਲ ' ਗੁਰਬਚਨ ਬਰਾੜ ਨੇ ਸੁਰਿੰਦਰਜੀਤ ਪਲਾਹਾ ਨੂੰ ਭੇਟ ਕੀਤੀ। ਐਸੋਸੀਏਸ਼ਨ ਦੇ ਮੋਢੀ ਪ੍ਰਸ਼ੋਤਮ ਭਾਰਦਵਾਜ ਨੇ ਆਪਣੇ ਕਾਵਿ-ਟੋਟਕਿਆਂ ਰਾਹੀਂ ਇਸ ਦਾ ਇਤਿਹਾਸ ਰੂਪਮਾਨ ਕਰ ਦਿੱਤਾ। ਦਰਸ਼ਕਾਂ ਨੂੰ ਸੰਬੋਧਿਤ ਹੋ ਕੇ ਕਿਹਾ - ਹਮਾਰੀ ਹਸਤੀ ਹੈ ਬਦੌਲਤ ਆਪ ਕੀ ਆਪ ਆਏ ਹੈਂ ਇਨਾਇਤ ਆਪ ਕੀ। ਗੁਰਦਿਆਲ ਸਿੰਘ ਖਹਿਰਾ ਨੇ ਬਾਪ ਬਾਰੇ



ਕਵਿਤਾ ਪੜ੍ਹੀ -ਜੀਹਦੀ ਬੁੱਕਲ਼ ਜ਼ੰਨਤ ਵਰਗੀ, ਅਮਰੀਕ ਸਿੰਘ ਧਾਮੀ ਨੇ ਸੁਣਾਈ - ਅੱਜ ਆਖਾਂ ਵਾਰਿਸ ਸ਼ਾਹ ਨੂੰ ਅਤੇ ਜਸਵੀਰ ਸਿਹੋਤਾ ਨੇ ਆਪਣੀ ਤਾਜ਼ਾ ਕਵਿਤਾ ਕਿਹੜੀ ਅੱਗ ਵਿੱਚ ਸੜਦੀ ਦੁਨੀਆਂ ।ਹਰਲ ਹਰਲ ਪਈ ਕਰਦੀ ਦੁਨੀਆਂ ਸੁਣਾਈ। ਸਰਬਜੀਤ ਸਿੰਘ ਰੰਧਾਵਾ ਨੇ ਹਾਸਰਸ ਦੇ ਸ਼ੇਅਰ, ਤਰਲੋਕ ਸਿੰਘ ਚੁੱਘ ਨੇ ਪਿਤਾ ਨਾਲ ਸੰਬੰਧਤ ਚੁਟਕਲੇ ਅਤੇ ਭਜਨ ਸਿੰਘ ਸੱਗੂ ਨੇ ਪਿਤਾ ਬਾਰੇ ਸਿਆਣਪ ਦੇ ਟੋਟਕੇ ਸੁਣਾਏ। ਬਿੱਕਰ ਸਿੰਘ ਸੰਧੂ ਨੇ ਆਦਰਸ਼ ਪਿਤਾ ਦੇ ਗੁਣ ਬਿਆਨ ਕੀਤੇ, ਨਾਲ ਹੀ ਇਹ ਗੀਤ ਸੁਣਾ ਕੇ ਗਾਇਕੀ ਦਾ ਪਿੜ ਬੰਨ੍ਹ ਦਿੱਤਾ - ਜ਼ਿੰਦਗੀ ਦੇਨੇ ਵਾਲੇ ਸੁਨ, ਤੇਰੀ ਦੁਨੀਆਂ ਸੇ ਦਿਲ ਭਰ ਗਿਆ। ਚਰਨਜੀਤ ਕੌਰ ਬਾਜਵਾ ਨੇ ਮਿਆਰੀ ਗਾਇਕੀ ਦੀ ਮਿਸਾਲ ਇਸ ਗੀਤ ਨਾਲ ਪੇਸ਼ ਕੀਤੀ - ਦੁਨੀਆਂ ਤੇ ਆ ਕੇ ਜਾਣ ਤੋਂ ਡਰਦਾ ਏ ਆਦਮੀ । ਜਨਾਬ ਮੁਨੱਵਰ ਅਹਿਮਦ ਨੇ ਇਹ ਫਿਲਮੀ ਗੀਤ ਗਾ ਕੇ ਰੰਗ ਬੰਨ੍ਹਿਆਂ - ਤੁਮਹੀਂ ਮੇਰੇ ਮੰਦਿਰ ਤੁਮਹੀਂ ਮੇਰੀ ਪੂਜਾ, ਤੁਮਹੀਂ ਦੇਵਤਾ ਹੋ। ਅਮਰਜੀਤ ਕੌਰ ਪਲਾਹਾ ਨੇ ਕਮਾਲ ਦੀ ਮੁਹਾਰਤ ਨਾਲ ਕਵਿਤਾ ਦਾ ਉਚਾਰਨ ਕਰ ਕੇ ਉੱਚੀ ਪ੍ਰਤਿਭਾ ਦੀ ਮਿਸਾਲ ਪੇਸ਼ ਕੀਤੀ - ਦੇਖਾਂ ਦਿਲ ਵਿੱਚ ਸ਼ੋਰ ਸ਼ਰਾਬਾ ਕੀਹਦਾ ਏ - ਕੀਹਦਾ ਏ ਨਨਕਾਣਾ ਕਾਅਬਾ ਕੀਹਦਾ ਏ। ਅਜਿਹਾ ਕਵਿਤਾ-ਪਾਠ ਕੋਈ ਵਿਰਲਾ ਹੀ ਕਰ ਸਕਦਾ ਹੈ। ਕੁਲਵੰਤ ਰਾਏ ਸ਼ਰਮਾ ਦੀ ਨਸੀਹਤ ਸੀ ਕਿ ਪਿਤਾ ਬੱਚਿਆਂ ਲਈ ਪੂਰੀ ਦਿਆਨਤਦਾਰੀ ਨਾਲ ਸਭ ਕੁਛ ਕਰਦਾ ਹੈ ਇਸ ਲਈ ਉਸ ਨੂੰ ਬੱਚਿਆਂ ਸਾਹਮਣੇ ਹਊਆ ਬਣਾ ਕੇ ਨਾ ਪੇਸ਼ ਕੀਤਾ ਜਾਵੇ। ਦਰਸ਼ਨ ਧਾਲੀਵਾਲ ਨੇ ਇਸ ਵਿਸ਼ੇ ਤੇ ਆਪਣੇ ਨਿੱਜੀ ਤਜਰਬੇ ਸਾਂਝੇ ਕੀਤੇ ਅਤੇ ਮੰਨਿਆਂ ਕਿ ਉਸ ਦੇ ਪਿਤਾ ਨੇ ਉਸ ਦੇ ਸਾਰੇ ਪਰਿਵਾਰ ਲਈ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਫ਼ਰਜ਼ ਅਦਾ ਕੀਤੇ। ਨਾਟਕ- ਕਲਾ ਨੂੰ ਪੂਰਨ ਤੌਰ ਤੇ ਸਮਰਪਿਤ ਵਿਜੇ ਸਚਦੇਵਾ ਨੇ ਸੰਖੇਪ ਵਿੱਚ ਆਪਣੇ 50 ਸਾਲਾਂ ਦੇ ਨਾਟਕ-ਮੰਚਨ ਵਾਲੇ ਸਫਰ ਦਾ ਬਿ-ਰਾ ਦਿੱਤਾ ਜਿਸ ਦੌਰਾਨ ਉਸ ਨੇ ਕੋਈ 800 ਨਾਟਕ ਪਿੰਡ ਪਿੰਡ ਜਾ ਕੇ ਖੇਡੇ। ਬੇ ਸ਼ੱਕ ਉਸ ਦਾ ਨਾਟਕ, ਅਭਿਨੈ ਅਤੇ ਪਾਤਰਾਂ ਬਾਰੇ ਅਨੁਭਵ ਉੱਚ ਕੋਟੀ ਦਾ ਹੈ। ਪਿਛਲੇ ਦਿਨ ਕੈਲਗਰੀ ਵਿਖੇ ਹੋਏ ਨਾਟਕ ਮੇਲੇ ਵਿੱਚ ਉਸ ਦੀ ਕਮਾਲ ਦੀ ਅਦਾਕਾਰੀ ਦੀ ਭਰਪੂਰ ਸ਼ਲਾਘਾ ਕੀਤੀ ਗਈ। ਉਸ ਮੁਤਾਬਕ ਕਲਾ -ਹੀ ਜੋ ਲੋਕਾਂ ਦੇ ਮੁੱਦਿਆਂ ਦੀ ਗੱਲ ਕਰੇ ਅਤੇ ਇਸ ਦੇ ਪ੍ਰਗਟਾਅ ਦਾ ਸਭ ਤੋਂ ਅਸਰਦਾਰ ਸਾਧਨ ਵਿਧਾ ਨਾਟਕ ਹੈ। ਇਹ ਸਚਾਈ ਵੀ ਦੱਸੀ ਕਿ ਹਰੇਕ ਨੂੰ ਪ੍ਰੋਤਸਾਹਨ (ਮੋਟੀਵੇਸ਼ਨ) ਦੀ ਜ਼ਰੂਰਤ ਹੁੰਦੀ ਹੈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕੁਸ਼ਲਤਾ ਨਾਲ ਖਾਲੀ ਥਾਵਾਂ ਪੂਰਦਿਆਂ ਹੋਇਆਂ ਕਾਰਵਾਈ ਨੂੰ ਚਲਾਇਆ। ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਖਾਣ ਪੀਣ ਦਾ ਆਨੰਦ ਲੈਣ ਸਮੇਂ ਅਤੇ ਮੀਟਿੰਗ ਦੌਰਾਨ ਸਾਰੇ ਮੈਂਬਰ ਆਪਸ ਵਿੱਚ ਉਸਾਰੂ ਚਰਚਾ ਕਰਦੇ ਹੋਏ ਇੱਕ ਦੂਜੇ ਦੀ ਖੈਰ ਸੁੱਖ ਦੇ ਭਾਈਵਾਲ਼ ਬਣਦੇ ਹਨ। ਸੁਰਿੰਦਰਜੀਤ ਪਲਾਹਾ ਨੇ ਸਮਾਪਤੀ ਕਰਦਿਆਂ ਦੱਸਿਆ ਕਿ ਅਗਲੀ ਮਿਲਣੀ 5 ਜੁਲਾਈ ਨੂੰ ਐਡਵਰਦੀ ਪਾਰਕ ਵਿਖੇ ਹੋਵੇਗੀ।
















# ਕੈਨੇਡਾ ਦੇ ਸਾਬਕਾ ਰੱਖਿਆ ਮੰਤਰੀ ਹਰਜੀਤ ਸੱਜਣ ਨੇ ਆਪਣੇ ਉੱਪਰ ਲੱਗੇ ਦੋਸ਼ਾਂ ਨੂੰ ਨਕਾਰਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਇੱਕ ਮੀਡੀਆ ਨੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਹੈ ਕਿ ਕੈਨੇਡਾ ਦੇ ਸਾਬਕਾ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ 2021 ਦੌਰਾਨ ਕਾਬੁਲ ਦੇ ਤਾਲਿਬਾਨੀ ਕਬਜ਼ੇ ਹੇਠ ਆਉਣ ਤੋਂ ਬਾਅਦ ਕੈਨੇਡੀਅਨ ਵਿਸ਼ੇਸ਼ ਬਲਾਂ ਨੂੰ ਹੁਕਮ ਦਿਤੇ ਸਨ ਕਿ ਅਫਗਾਨ ਦੇ ਸਿੱਖਾਂ ਨੂੰ ਉਥੋਂ ਬਾਹਰ ਕੱਢ ਕੇ ਬਚਾਇਆ ਜਾਵੇ। "ਦਿ ਗਲੋਬ ਐਂਡ ਮੇਲ' ਨੇ ਫੌਜ ਦੇ ਅਣਪਛਾਤੇ ਸੂਤਰਾਂ ਦੇ ਹਵਾਲੇ ਨਾਲ ਖਬਰ ਦਿੱਤੀ ਕਿ ਹਰਜੀਤ ਸਿੰਘ ਸੱਜਣ ਨੇ ਫ਼ੌਜ ਨੂੰ ਅਫਗਾਨਿਸਤਾਨ 'ਚ ਕਰੀਬ 225 ਸਿੱਖਾਂ ਦੇ ਟਿਕਾਣੇ ਬਾਰੇ ਜਾਣਕਾਰੀ ਦਿੱਤੀ ਸੀ। ਤਾਲਿਬਾਨ ਨੇ 15 ਅਗਸਤ 2021 ਨੂੰ ਕਾਬੁਲ 'ਤੇ ਕਬਜ਼ਾ ਕਰ ਲਿਆ ਸੀ, ਜਿਸ ਨਾਲ ਅਤਿਵਾਦੀ ਅੰਦੋਲਨ ਵਿਰੁੱਧ ਲਗਭਗ ਦੋ ਦਹਾਕਿਆਂ ਤੋਂ ਚੱਲ ਰਹੀ ਜੰਗ ਖਤਮ ਹੋ ਗਈ ਸੀ। ਸੂਤਰਾਂ ਅਨੁਸਾਰ, "ਅਫਗਾਨ ਸਿੱਖਾਂ ਨੂੰ ਕੈਨੇਡੀਅਨ ਫੌਜ ਲਈ ਤਰਜੀਹ ਨਹੀਂ ਮੰਨਿਆ ਗਿਆ ਸੀ ਕਿਉਂਕਿ ਉਨ੍ਹਾਂ ਦਾ ਕੈਨੇਡਾ ਨਾਲ ਕੋਈ ਸਬੰਧ ਨਹੀਂ ਹੈ। ਪਰ ਸਿੰਘ ਦੇ ਦਖਲ ਤੋਂ ਬਾਅਦ ਕੈਨੇਡਾ ਦੀ ਤਰਜੀਹੀ ਸੂਚੀ ਵਿੱਚ ਸ਼ਾਮਿਲ ਕੈਨੇਡੀਅਨਾਂ ਅਤੇ ਹੋਰ ਅਫਗਾਨਾਂ ਨੂੰ ਬਚਾਉਣ 'ਤੇ ਅਸਰ ਪਿਆ।" ਹਰਜੀਤ ਸਿੰਘ ਸੱਜਣ, ਜੋ ਇਸ ਸਮੇਂ ਜਸਟਿਨ ਟਰੂਡੋ ਕੈਬਨਿਟ 'ਚ ਐਮਰਜੈਂਸੀ ਤਿਆਰੀ ਮੰਤਰੀ ਹਨ, ਨੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਇੱਕ ਬਿਆਨ 'ਚ ਇਸ ਨੂੰ 'ਪੂਰੀ ਤਰ੍ਹਾਂ ਨਕਾਰਿਆ ਹੈ। ਸੱਜਣ ਨੇ ਇਸ ਕਵਰੇਜ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ 'ਤੇ ਇਹ ਦੋਸ਼ ਸਿਰਫ਼ ਇਸ ਕਾਰਨ ਲੱਗ ਰਿਹਾ ਹੈ ਕਿਉਂਕਿ ਉਹ ਸਿੱਖ ਹਨ।

# ਆਓ ਬੈਠ ਕੇ ਗੱਲਬਾਤ ਕਰਦੇ ਹਾਂ। ਦੇਸ਼ ਨੂੰ ਰਲ ਕੇ ਅੱਗੇ ਲਿਜਾਣ ਲਈ ਆਓ ਗੱਲਬਾਤ ਕਰੀਏ- ਸ਼ਾਹਬਾਜ਼ ਸ਼ਰੀਫ਼



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਆਪਣੇ ਸਿਆਸੀ ਵਿਰੋਧੀ ਇਮਰਾਨ ਖ਼ਾਨ ਨੂੰ ਗੱਲਬਾਤ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਇਮਰਾਨ ਨੂੰ ਜੇਲ੍ਹ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਉਹ ਬੈਠ ਕੇ ਆਪਸ 'ਚ ਗੱਲ ਕਰ ਸਕਦੇ ਹਨ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ (ਪੀਟੀਆਈ) ਦੇ ਬਾਨੀ ਇਮਰਾਨ ਪਿਛਲੇ ਸਾਲ ਅਗਸਤ ਤੋਂ ਜੇਲ੍ਹ 'ਚ ਬੰਦ ਹਨ। ਅਪਰੈਲ 2022 'ਚ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਉਨ੍ਹਾਂ ਖ਼ਿਲਾਫ਼ ਕਈ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ 'ਚੋਂ ਕੁਝ 'ਚ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ। ਨੈਸ਼ਨਲ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ, "ਜੇ ਪੀਟੀਆਈ ਦੇ ਬਾਨੀ ਜੇਲ੍ਹ 'ਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਤਾਂ ਮੈਂ ਦੁਹਰਾਉਂਦਾ ਹਾ ਕਿ ਆਓ ਬੈਠ ਕੇ ਗੱਲਬਾਤ ਕਰਦੇ ਹਾਂ। ਦੇਸ਼ ਨੂੰ ਰਲ ਕੇ ਅੱਗੇ ਲਿਜਾਣ ਲਈ ਆਓ ਗੱਲਬਾਤ ਕਰੀਏ। ਦੇਸ਼ ਦੀ ਬਿਹਤਰੀ ਲਈ ਸਾਰਿਆਂ ਨੂੰ ਅੱਗੇ ਆਉਣਾ ਪਵੇਗਾ ਅਤੇ ਇਸ ਤੋਂ ਬਿਨ੍ਹਾਂ ਹੋਰ ਕੋਈ ਰਾਹ ਨਹੀਂ ਹੈ।"

# ਸਕੂਲ ਦੇ ਬਾਹਰ ਗੋਲੀਬਾਰੀ ਸਬੰਧੀ 14 ਸਾਲਾ ਲੜਕੇ ਉੱਪਰ ਚਾਰਜ ਲਗਾਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਪੁਲਿਸ ਨੇ ਜਾਣਕਾਰੀ ਸਾਂਝੀ ਕੀਤੀ ਹੈ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਈਟੋਬਿਕੋਕ ਵਿੱਚ ਇੱਕ ਸਕੂਲ ਦੇ ਬਾਹਰ ਹੋਈ ਗੋਲੀਬਾਰੀ ਦੇ ਸਿਲਸਿਲੇ ਵਿੱਚ 14 ਸਾਲਾ ਲੜਕੇ 'ਤੇ ਚਾਰਜਿਜ ਲਗਾਏ ਗਏ ਹਨ, ਜਿਸ ਵਿੱਚ ਦੋ ਲੋਕਾਂ ਦੀ ਜਾਨ ਚਲੀ ਗਈ ਅਤੇ ਤਿੰਨ ਹੋਰ ਜਖ਼ਮੀ ਹੋ ਗਏ। ਇਹ ਗੋਲੀਬਾਰੀ 2 ਜੂਨ ਨੂੰ ਰਾਤ ਕਰੀਬ 11 ਵਜੇ ਹੋਈ, ਜਦੋਂ ਫਿੰਚ ਏਵੇਨਿਊ ਵੇਸਟ ਅਤੇ ਕਿਪਲਿੰਗ ਏਵੇਨਿਊ ਦੇ ਕੋਲ ਨਾਰਥ ਏਲਬਿਅਨ ਕਾਲੇਜਿਏਟ ਇੰਸਟੀਚਿਊਟ ਵਿੱਚ ਫੁਟਬਾਲ ਖੇਡਣ ਤੋਂ ਬਾਅਦ ਕੁੱਝ ਲੋਕ ਇੱਕਠੇ ਹੋਏ ਸਨ।ਪੁਲਿਸ ਦਾ ਕਹਿਣਾ ਹੈ ਕਿ ਘੱਟ ਤੋਂ ਘੱਟ ਦੋ ਸ਼ੱਕੀ ਇੱਕ ਵਾਹਨ ਵਿਚੋਂ ਉਤਰੇ ਅਤੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਵਿੱਚ ਪੰਜ ਲੋਕ ਜਖ਼ਮੀ ਹੋ ਗਏ ਸਨ। ਮੇਪਲ ਦੇ 61 ਸਾਲਾ ਡੇਲਰਾਏ 'ਜਾਰਜ' ਪਾਰਕਸ ਦੀ ਕੁੱਝ ਸਮਾਂ ਬਾਅਦ ਹੀ ਮੌਤ ਹੋ ਗਈ, ਜਦੋਂਕਿ 46 ਸਾਲਾ ਟੋਰਾਂਟੋ ਨਿਵਾਸੀ ਸੇਮੋਰ ਗਿਬਜ਼ ਨੇ 5 ਜੂਨ ਨੂੰ ਦਮ ਤੋੜ ਦਿੱਤਾ। ਡਿਟੈਕਟਿਵ ਸਾਰਜੇਂਟ ਫਿਲਿਪ ਕੈਂਪਬੇਲ ਨੇ ਦੱਸਿਆ ਕਿ ਗੋਲੀ ਲੱਗਣ ਨਾਲ ਜਖ਼ਮੀ ਹੋਏ ਤਿੰਨ ਹੋਰ ਲੋਕਾਂ ਵਿੱਚੋਂ ਇੱਕ ਦੀ ਹਾਲਤ ਬਹੁਤ ਗੰਭੀਰ ਹੈ ਅਤੇ ਉਸਨੂੰ ਅਜਿਹੀਆਂ ਸੱਟਾਂ ਲੱਗੀ ਹਨ ਜਿਨ੍ਹਾਂ ਤੋਂ ਉਸਨੂੰ ਸ਼ਾਇਦ ਆਪਣੀ ਬਾਕੀ ਦੀ ਜ਼ਿੰਦਗੀ ਨਾਲ ਜੂਝਣਾ ਪਵੇਗਾ। ਉਨ੍ਹਾਂ ਨੇ ਕਿਹਾ ਕਿ ਪੀੜਤਾਂ ਨੂੰ ਲੱਗੀਆਂ ਮਾਨਸਿਕ ਸੱਟਾਂ ਵੀ ਬਹੁਤ ਡੂੰਘੀਆਂ ਹਨ।

# ਪ੍ਰੋਗਰੈਸਿਵ ਕੰਜਰਵੇਟਿਵ ਪਾਰਟੀ ਨੇ ਔਟਵਾ ਖੇਤਰ ਦੀ ਐਮ ਪੀ ਪੀ ਗੋਲਡੀ ਘਮਾਰੀ ਨੂੰ ਕਾਕਸ ਤੋਂ ਬਾਹਰ ਕੱਢਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਦੀ ਅਗਵਾਈ ਵਾਲੀ ਸੱਤਾਧਾਰੀ ਪ੍ਰੋਗਰੈਸਿਵ ਕੰਜਰਵੇਟਿਵ ਪਾਰਟੀ ਨੇ ਔਟਵਾ ਖੇਤਰ ਦੀ ਐਮਪੀਪੀ ਗੋਲਡੀ ਘਮਾਰੀ ਨੂੰ ਕਾਕਸ ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਪਾਰਟੀ ਦੇ ਬੁਲਾਰੇ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਗੋਲਡੀ ਵੱਲੋਂ ਪਾਰਟੀ ਕਾਕਸ ਲੀਡਰਸ਼ਿਪ ਨਾਲ ਤਾਲਮੇਲ ਬਿਠਾਉਣ ਵਿੱਚ ਨਾਕਾਮ ਰਹਿਣ ਅਤੇ ਹੋਰ ਕਈ ਵੱਡੀਆਂ ਗਲਤੀਆਂ ਕਰਨ ਕਰਕੇ ਇਹ ਫੈਸਲਾ ਲਿਆ ਗਿਆ ਹੈ। ਬਿਆਨ ਵਿੱਚ ਆਖਿਆ ਗਿਆ ਹੈ ਕਿ ਇਹ ਫੈਸਲਾ ਲੈਣਾ ਸੌਖਾ ਨਹੀਂ ਸੀ ਪਰ ਇਹ ਸਪਸ਼ਟ ਹੈ ਕਿ ਐਮਪੀਪੀ ਗੋਲਡੀ ਸਾਡੇ ਕਾਕਸ ਵਿੱਚ ਹੋਰ ਨਹੀਂ ਰਹਿ ਸਕਦੇ ਹਾਲਾਂਕਿ ਇਹ ਫੈਸਲਾ ਲੈਣ ਦੇ ਪਿੱਛੇ ਜੋ ਕਾਰਨ ਸਨ ਉਹਦੇ ਬਾਰੇ ਜਿਆਦਾ ਵਿਸਥਾਰ ਵਿੱਚ ਨਹੀਂ ਦੱਸਿਆ ਗਿਆ। ਉਧਰ ਕਾਕਸ ਵਿੱਚੋਂ ਕੱਢੀ ਗਈ ਐਮਪੀਪੀ ਗੋਲਡੀ ਨੇ ਐਕਸ ਉੱਪਰ ਪਾਈ ਇੱਕ ਪੋਸਟ ਵਿੱਚ ਆਖਿਆ ਹੈ ਕਿ ਜਦੋਂ ਇੱਕ ਦਰਵਾਜ਼ਾ ਬੰਦ ਹੋ ਜਾਂਦਾ ਹੈ ਤਾਂ ਦੂਜਾ ਖੁੱਲ ਜਾਂਦਾ ਹੈ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਗੋਲਡੀ ਨੂੰ ਕਾਕਸ ਚੋਂ ਬਾਹਰ ਕੱਢਣ ਲਈ ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਿਮ ਵੱਲੋਂ ਕਾਫੀ ਜਿਆਦਾ ਦਬਾਅ ਪਾਇਆ ਜਾ ਰਿਹਾ ਸੀ ਕਿਉਂਕਿ ਗੋਲਡੀ ਵੱਲੋਂ ਟੌਮੀ ਰੋਬਿਨਸਨ ਜੋ ਕਿ ਮੁਸਲਿਮ ਵਿਰੋਧੀ ਮੰਨੇ ਜਾਂਦੇ ਹਨ ਦੇ ਨਾਲ ਮੀਟਿੰਗ ਕੀਤੀ ਗਈ ਸੀ।




# 1988 ਤੋਂ ਬਾਅਦ ਸੇਂਟ ਪੌਲ ਸੀਟ ਹਾਰ ਜਾਣ ਕਾਰਣ ਲਿਬਰਲ ਪਾਰਟੀ ਨੂੰ ਝਟਕਾ ਲੱਗਾ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸੱਤਾਧਾਰੀ ਲਿਬਰਲ ਪਾਰਟੀ ਨੂੰ ਇੱਕ ਵੱਡਾ ਝਟਕਾ ਲੱਗਾ ਹੈ ਕਿਉਂਕਿ ਟੌਰਾਂਟੋ ਦੀ ਸੇਂਟ ਪਾਲ ਪਾਰਲੀਮੈਂਟ ਸੀਟ ਉੱਪਰ ਹੋਈ ਜਿਮਣੀ ਚੋਣ ਵਿੱਚ ਕੰਜਰਵੇਟਿਵ ਪਾਰਟੀ ਦੇ ਉਮੀਦਵਾਰ ਨੇ ਜਿੱਤ ਪ੍ਰਾਪਤ ਕੀਤੀ ਹੈ ਜਿਸ ਨੂੰ ਕਿ ਜਸਟਿਨ ਟਰੂਟੋ ਵਾਸਤੇ ਇੱਕ ਵੱਡਾ ਧੱਕਾ ਮੰਨਿਆ ਜਾ ਰਿਹਾ ਹੈ। ਸੇਂਟ ਪੋਲ ਦੀ ਜਿਮਨੀ ਚੋਣ ਵਿੱਚ ਕੰਜਰਵਟਿਵ ਪਾਰਟੀ ਦੇ ਉਮੀਦਵਾਰ ਡੋਨ ਸਟੀਵਰਟ ਨੂੰ 42.1 ਫੀਸਦੀ ਵੋਟਾਂ ਮਿਲੀਆਂ ਜਦੋਂ ਕਿ ਲਿਬਰਲ ਪਾਰਟੀ ਦੀ ਉਮੀਦਵਾਰ ਲੈਸਲੀ ਚਰਚ ਨੂੰ 40 .5 ਫੀਸਦੀ ਵੋਟਾਂ ਮਿਲੀਆਂ। ਇੱਥੇ ਦੱਸਣਾ ਬਣਦਾ ਹੈ ਕਿ ਸਵੇਰੇ 4 ਵਜੇ ਤੱਕ ਵੋਟਾਂ ਦੀ ਗਿਣਤੀ ਦੇ ਦੌਰਾਨ ਲਿਬਰਲ ਪਾਰਟੀ ਦੀ ਉਮੀਦਵਾਰ ਅੱਗੇ ਚੱਲ ਰਹੀ ਸੀ ਪਰ ਜਦੋਂ ਸਿਰਫ ਤਿੰਨ ਪੋਲ ਬਾਕੀ ਸਨ ਤਾਂ ਅਚਾਨਕ ਸਥਿੱਤੀ ਬਦਲ ਗਈ ਤੇ ਕੰਜਰਵਟਿਵ ਪਾਰਟੀ ਦਾ ਉਮੀਦਵਾਰ ਜੇਤੂ ਐਲਾਨਿਆ ਗਿਆ।ਐਨਡੀਪੀ ਦੇ ਉਮੀਦਵਾਰ ਅੰਮ੍ਰਿਤ ਪਰਹਾਰ ਨੂੰ 10.9 ਫੀਸਦੀ ਵੋਟਾਂ ਮਿਲੀਆਂ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਜ਼ਿਮਣੀ ਚੋਣ ਨੂੰ ਜਸਟਿਨ ਟਰੂਡੋ ਵਾਸਤੇ ਇੱਕ ਇਮਤਿਹਾਨ ਦੇ ਤੌਰ ਤੇ ਮਾਹਿਰਾਂ ਵੱਲੋਂ ਵੇਖਿਆ ਜਾ ਰਿਹਾ ਸੀ। ਚੋਣ ਨਤੀਜਿਆਂ ਉਪਰੰਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਿੱਥੇ ਜੇਤੂ ਉਮੀਦਵਾਰ ਨੂੰ ਵਧਾਈ ਦਿੱਤੀ ਉੱਥੇ ਆਪਣੀ ਉਮੀਦਵਾਰ ਦਾ ਹੌਸਲਾ ਵੀ ਵਧਾਇਆ। ਇਸ ਦੇ ਨਾਲ ਹੀ ਉਹਨਾਂ ਨੇ ਆਖਿਆ ਕਿ ਅਸੀਂ ਇਹ ਚੋਣ ਨਤੀਜੇ ਨਹੀਂ ਕਿਆਸੇ ਸਨ ਪਰ ਨਾਲ ਹੀ ਉਹਨਾਂ ਨੇ ਆਖਿਆ ਕਿ ਉਹ ਤੇ ਉਹਨਾਂ ਦੀ ਟੀਮ ਹੋਰ ਜਿਆਦਾ ਸਖਤ ਮਿਹਨਤ ਕਰਕੇ ਕੈਨੇਡਾ ਦੇ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਾਂਗੇ। ਦੂਜੇ ਪਾਸੇ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲਿਵਰ ਨੇ ਆਖਿਆ ਕਿ ਇਹ ਨਤੀਜੇ ਬੇਹਦ ਜਿਆਦਾ ਹੈਰਾਨ ਕਰਨ ਵਾਲੇ ਹਨ। ਉਹਨਾਂ ਨੇ ਆਖਿਆ ਕਿ ਸੇਂਟ ਪੋਲ ਦੇ ਵੋਟਰਾਂ ਨੇ ਟੈਕਸਾਂ ਦੀ ਕਟੌਤੀ, ਘਰਾਂ ਦੀ ਉਸਾਰੀ ਬਜਟ ਨੂੰ ਸੰਤੁਲਨ ਕਰਨਾ ਅਤੇ ਅਪਰਾਧਾਂ ਨੂੰ ਰੋਕਣ ਲਈ ਵੋਟਾਂ ਪਾਈਆਂ ਹਨ। ਉਹਨਾਂ ਆਖਿਆ ਕਿ ਟਰੂਡੋ ਹੁਣ ਇਸ ਤਰ੍ਹਾਂ ਨਹੀਂ ਚੱਲ ਸਕਦੇ।ਉਹਨਾਂ ਨੂੰ ਕਾਰਬਨ ਟੈਕਸ ਚੋਣਾਂ ਦਾ ਸੱਦਾ ਦੇ ਦੇਣਾ ਚਾਹੀਦਾ ਹੈ।ਵਰਨਣਯੋਗ ਹੈ ਕਿ ਇਸ ਸੀਟ ਤੇ 1988 ਤੋਂ ਬਾਅਦ ਪਹਿਲੀ ਵਾਰ ਕੰਜਰਵਟਿਵ ਪਾਰਟੀ ਦੀ ਜਿੱਤ ਹੋਈ ਹੈ।




## ਨੀਦਰਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਮਾਰਕ ਹੁਣ ਨਾਟੋ ਦੇ ਜਨਰਲ ਸਕੱਤਰ ਹੋਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੀਦਰਲੈਂਡ ਦੇ ਪ੍ਰਧਾਨ ਮੰਤਰੀ ਮਾਰਕ ਰੁਟੇ ਦੁਨੀਆ ਦੇ ਸਭ ਤੋਂ ਵੱਡੇ ਫੌਜੀ ਸੰਗਠਨ ਨਾਟੋ ਦੇ ਸਕੱਤਰ ਜਨਰਲ ਹੋਣਗੇ। ਸਕੱਤਰ ਜਨਰਲ ਦੀ ਦੌੜ ਵਿੱਚ ਉਨ੍ਹਾਂ ਦਾ ਮੁਕਾਬਲਾ ਰੋਮਾਨੀਆ ਦੇ ਪ੍ਰਧਾਨ ਮੰਤਰੀ ਕਲੌਸ ਲੋਹਨਿਸ ਨਾਲ ਸੀ। ਹਾਲਾਂਕਿ ਉਨ੍ਹਾਂ ਨੇ ਪਿਛਲੇ ਹਫਤੇ ਹੀ ਆਪਣਾ ਨਾਂ ਵਾਪਸ ਲੈ ਲਿਆ ਸੀ। ਜਿਸ ਤੋਂ ਬਾਅਦ ਮਾਰਕ ਰੁਟੇ ਲਈ ਸਕੱਤਰ ਜਨਰਲ ਬਣਨ ਦਾ ਰਸਤਾ ਸਾਫ਼ ਹੋ ਗਿਆ। ਪ੍ਰਧਾਨ ਮੰਤਰੀ ਵੱਜੋਂ ਮਾਰਕ ਰੁਟੇ ਦਾ ਕਾਰਜਕਾਲ ਜਲਦੀ ਹੀ ਖਤਮ ਹੋਣ ਜਾ ਰਿਹਾ ਹੈ। ਉਹ ਅਜਿਹੇ ਸਮੇਂ 'ਚ ਨਾਟੋ ਦੇ ਸਕੱਤਰ ਜਨਰਲ ਬਣਨ ਜਾ ਰਹੇ ਹਨ, ਜਦੋਂ ਇਹ ਸੰਗਠਨ ਰੂਸ-ਯੂਕਰੇਨ ਯੁੱਧ ਵਰਗੀ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਰੁਟੇ ਦਾ ਕਾਰਜਕਾਲ 1 ਅਕਤੂਬਰ ਤੋਂ ਸ਼ੁਰੂ ਹੋਵੇਗਾ। ਉਹ ਸਾਬਕਾ ਸਕੱਤਰ ਜੇਂਸ ਸਟੋਲਨਬਰਗ ਦੀ ਥਾਂ ਲੈਣਗੇ। ਸਟੋਲਟਬਰਗ ਦਾ 10 ਸਾਲ ਦਾ ਕਾਰਜਕਾਲ ਸਤੰਬਰ 'ਚ ਖਤਮ ਹੋਣ ਜਾ ਰਿਹਾ ਹੈ। ਉਨ੍ਹਾਂ ਨੇ ਮਾਰਕ ਰੁਟੇ ਨੂੰ ਜਨਰਲ ਸਕੱਤਰ ਚੁਣੇ ਜਾਣ 'ਤੇ ਵੀ ਵਧਾਈ ਦਿੱਤੀ ਹੈ।

## ਅਲਬਰਟਾ ਦੀ ਪ੍ਰੀਮੀਅਰ ਦਾ ਕਹਿਣਾ ਹੈ ਕਿ ਕੈਨੇਡੀਅਨ ਡੈਂਟਲ ਪਲਾਨ ਸੂਬਾਈ ਅਧਿਕਾਰ ਖੇਤਰ ਦੀ ਉਲੰਘਣਾ ਕਰਦਾ ਹੈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਨੇ ਫੈਡਰਲ ਡੈਂਟਲ ਪਲਾਨ ਤੋਂ ਬਾਹਰ ਹੋ ਜਾਣ ਬਾਰੇ ਕੈਨੇਡਾ ਸਰਕਾਰ ਨੂੰ ਸੂਚਿਤ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਲਿਖੇ ਪੱਤਰ ਵਿਚ, ਡੈਨੀਅਲ ਸਮਿਥ ਨੇ ਕਿਹਾ ਕਿ ਕੈਨੇਡੀਅਨ ਡੈਂਟਲ ਪਲਾਨ (ਸੀਡੀਸੀਪੀ) ਸੂਬਾਈ ਅਧਿਕਾਰ ਖੇਤਰ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਫੈਡਰਲ ਸਰਕਾਰ ਦੁਆਰਾ ਕੋਈ ਨਵਾਂ ਸਿਹਤ ਪ੍ਰੋਗਰਾਮ ਲਾਗੂ ਕੀਤਾ ਜਾਣਾ ਸੀ, ਤਾਂ ਇਸਨੂੰ ਸੂਬਿਆਂ ਅਤੇ ਟੈਰੇਟਰੀਜ਼ ਨਾਲ ਪੂਰਨ ਸਹਿਯੋਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਸੀ ਅਤੇ ਇਸ ਦਾ ਐਲਾਨ ਕਰਨ ਤੋਂ ਪਹਿਲਾਂ ਇਸ ਉੱਪਰ ਚਰਚਾ ਹੋਣੀ ਚਾਹੀਦੀ ਹੈ। ਬਦਕਿਸਮਤੀ ਨਾਲ ਅਜਿਹਾ ਨਹੀਂ ਹੋਇਆ। ਇਸ ਪ੍ਰਕਾਰ, ਅਲਬਰਟਾ ਫੈਡਰਲ ਯੋਜਨਾ ਤੋਂ ਬਾਹਰ ਨਿਕਲਣ ਅਤੇ ਅਲਬਰਟਾ ਵਾਸੀਆਂ ਲਈ ਆਪਣੇ ਸੂਬਾਈ ਪ੍ਰੋਗਰਾਮਾਂ ਨੂੰ ਬਣਾਈ ਰੱਖਣ ਦਾ ਇਰਾਦਾ ਰੱਖਦਾ ਹੈ।

## 17 ਬਜ਼ੁਰਗਾਂ ਦੀ ਦੀ ਹੋਈ ਮੌਤ ਦੇ ਮਾਮਲੇ ਵਿੱਚ ਕਿਸੇ ਖਿਲਾਫ ਕੋਈ ਕੇਸ ਦਰਜ ਨਹੀਂ ਹੋਇਆ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਜੂਨ ਮਹੀਨੇ ਚ ਮੈਨੀਟੋਬਾ ਦੇ ਕੈਬਰੀ ਵਿੱਚ ਵਾਪਰੇ ਹਾਦਸੇ ਸੜਕਾਂ ਤੇ ਜਿਸ ਵਿੱਚ 17 ਜਣਿਆਂ ਦੀ ਮੌਤ ਹੋ ਗਈ ਸੀ ਦੇ ਮਾਮਲੇ ਵਿੱਚ ਆਰਸੀਐਮਪੀ ਨੇ ਆਖਿਆ ਹੈ ਕਿ ਇਸ ਮਾਮਲੇ ਵਿੱਚ ਕਿਸੇ ਖਿਲਾਫ ਕੋਈ ਚਾਰਜ ਨਹੀਂ ਲਗਾਏ ਜਾ ਰਹੇ। ਵਰਣਨ ਯੋਗ ਹੈ ਕਿ ਮੈਨੀਟੋਬਾ ਦੇ ਕੈਬਰੀ ਵਿੱਚ ਇੱਕ ਬੱਸ ਜੋ ਕਿ ਬਜ਼ੁਰਗਾਂ ਨੂੰ ਲੈ ਕੇ ਕਸੀਨੋ ਵੱਲ ਜਾ ਰਹੀ ਸੀ ਦੀ ਇੱਕ ਸੈਮੀ ਟਰੇਲਰ ਨਾਲ ਟੱਕਰ ਹੋ ਗਈ ਸੀ ਅਤੇ ਇਸ ਵਿੱਚ 17 ਬਜ਼ੁਰਗਾਂ ਦੀ ਮੌਤ ਹੋ ਗਈ ਸੀ।ਆਰਸੀਐਮਪੀ ਦੇ ਸੁਪਰਡੈਂਟ ਰੋਬ ਲੋਸਨ ਨੇ ਇਸ ਸਬੰਧੀ ਮੀਡੀਆ ਨਾਲ ਗੱਲ ਕਰਦੇ ਆਂ ਆਖਿਆ ਕਿ ਜੋ ਵੀ ਸਬੂਤ ਅਤੇ ਵੀਡੀਓ ਫੁਟੇਜ ਉਹਨਾਂ ਦੇ ਕੋਲ ਪਹੁੰਚੀਆਂ ਹਨ ਉਸ ਦੇ ਆਧਾਰ ਤੇ ਅਸੀਂ ਕਿਸੇ ਖਿਲਾਫ ਕੋਈ ਚਾਰਜ ਨਹੀਂ ਲਗਾ ਰਹੇ।









# ਸੰਪਾਦਕੀ



ਭਰੋਸਾ ਨੇੜਤਾ ਦਾ ਸਬੱਬ ਬਣਦਾ ਹੈ।

-ਮਾਰਕਸ ਗਾਰਵੇ

## ਇੰਡੀਆ ਦੇ ਨਵੇਂ ਫ਼ੌਜਦਾਰੀ ਕਾਨੂੰਨ

ਇੰਡੀਆ ਅੰਦਰ ਤਿੰਨੋਂ ਨਵੇਂ ਫ਼ੌਜਦਾਰੀ ਕਾਨੂੰਨ ਲਾਗੂ ਹੋ ਗਏ ਹਨ। ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਕਾਨੂੰਨਾਂ ਰਾਹੀਂ ਇਨਸਾਫ਼ ਯਕੀਨੀ ਬਣਾਇਆ ਜਾਵੇਗਾ, ਪੁਰਾਣੇ ਕਾਨੂੰਨਾਂ ਦਾ ਜ਼ੋਰ ਸਜ਼ਾ 'ਤੇ ਜ਼ਿਆਦਾ ਸੀ। ਨਵੇਂ ਕਾਨੂੰਨ ਆਧੁਨਿਕ ਪ੍ਰਣਾਲੀ ਦੀ ਸਥਾਪਨਾ ਕਰਨਗੇ। ਹੁਣ ਘਰ ਬੈਠੇ ਹੀ ਐਫ ਆਈ ਆਰ ਦਰਜ ਕਰਵਾਉਣ, ਜ਼ੀਰੋ ਪ੍ਰਾਇਰਟੀ ਤਹਿਤ ਕਿਸੇ ਵੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਣ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ, ਜਿਸ ਨਾਲ ਲੋਕਾਂ ਦੇ ਸਮੇਂ ਦੀ ਬੱਚਤ ਹੋਵੇਗੀ ਅਤੇ ਤੁਰੰਤ ਕਾਰਵਾਈ ਕੀਤੀ ਜਾ ਸਕੇਗੀ। ਐਫ ਆਈ ਆਰ ਦਰਜ ਹੋਣ ਤੋਂ ਬਾਅਦ ਅਦਾਲਤਾਂ ਵੀ ਨਿਰਧਾਰਤ ਸਮੇਂ ਅੰਦਰ ਆਪਣਾ ਫੈਸਲਾ ਦੇਣ ਲਈ ਪਾਬੰਦ ਹੋਣਗੀਆਂ। ਬਲਾਤਕਾਰ ਅਤੇ ਬਾਲ ਜਿਨਸੀ ਸ਼ੋਸ਼ਣ ਵਰਗੇ ਮਾਮਲਿਆਂ ਵਿੱਚ ਜਾਂਚ ਅਤੇ ਮੁਕੱਦਮੇ ਨੂੰ ਲੈ ਕੇ ਸਖ਼ਤ ਨਿਯਮ ਬਣਾਏ ਗਏ ਹਨ। ਬਿਨਾਂ ਸ਼ੱਕ ਕੇਸਾਂ ਦੀ ਜਾਂਚ ਅਤੇ ਸੁਣਵਾਈ ਵਿੱਚ ਤੇਜ਼ੀ ਆਵੇਗੀ ਤਾਂ ਲੋਕਾਂ ਨੂੰ ਇਨਸਾਫ਼ ਮਿਲ ਸਕੇਗਾ। ਪਰ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਨ੍ਹਾਂ ਕਾਨੂੰਨਾਂ ਵਿੱਚ ਕੁੱਝ ਅਜਿਹੀਆਂ ਸਖ਼ਤ ਧਾਰਾਵਾਂ ਵੀ ਬਣਾਈਆਂ ਗਈਆਂ ਹਨ, ਜੋ ਪੁਲਿਸ ਨੂੰ ਮਨਮਾਨੀਆਂ ਦੀਆਂ ਸ਼ਕਤੀਆਂ ਦਿੰਦੀਆਂ ਹਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਰਾਹ ਖੋਲ੍ਹਦੀਆਂ ਹਨ। ਵਿਸ਼ੇਸ਼ ਤੌਰ 'ਤੇ ਅਪਰਾਧਿਕ ਕਾਨੂੰਨਾਂ ਨੂੰ ਲੈ ਕੇ ਵਿਆਪਕ ਵਿਰੋਧ ਦੇਖਿਆ ਜਾ ਰਿਹਾ ਹੈ। ਅਸਲ ਵਿੱਚ ਇਹ ਕਾਨੂੰਨ ਵਿਰੋਧੀ ਧਿਰ ਦੀ ਗੈਰ-ਹਾਜ਼ਰੀ ਵਿੱਚ ਅਤੇ ਬਿਨਾਂ ਕਿਸੇ ਬਹਿਸ ਦੇ ਪਾਸ ਕੀਤੇ ਗਏ ਸਨ, ਇਸ ਲਈ ਇਨ੍ਹਾਂ 'ਤੇ ਕੋਈ ਵਿਸਤ੍ਰਿਤ ਚਰਚਾ ਨਹੀਂ ਹੋਈ। ਇਸ ਲਈ ਇਸ ਦੇ ਕਈ ਭਾਗਾਂ ਬਾਰੇ ਭੰਬਲਭੂਸੇ ਅਤੇ ਵਿਵਾਦ ਦੀ ਗੁੰਜਾਇਸ਼ ਰਹਿੰਦੀ ਹੈ। ਸਮਾਜਿਕ ਤਬਦੀਲੀਆਂ ਅਤੇ ਲੋੜਾਂ ਅਨੁਸਾਰ ਕਾਨੂੰਨਾਂ ਵਿੱਚ ਸੋਧ ਕਰਨਾ ਅਤੇ ਅਪ੍ਰਸੰਗਿਕ ਬਣ ਚੁੱਕੇ ਕਾਨੂੰਨਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਇਸ ਸੰਦਰਭ ਵਿੱਚ, ਬਸਤੀਵਾਦੀ ਕਾਲ ਤੋਂ ਚੱਲ ਰਹੇ ਕਾਨੂੰਨਾਂ ਦੀ ਸਮੀਖਿਆ ਅਤੇ ਤਬਦੀਲੀ ਦੀ ਲੋੜ ਸੀ। ਹਾਲਾਂਕਿ, ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਸਾਰੇ ਕਾਨੂੰਨ ਬ੍ਰਿਟਿਸ਼ ਰਾਜ ਦੇ ਸਮੇਂ ਤੋਂ ਹੀ ਜਾਰੀ ਸਨ। ਉਨ੍ਹਾਂ ਵਿੱਚ ਸਮੇਂ-ਸਮੇਂ 'ਤੇ ਬਦਲਾਅ ਹੁੰਦੇ ਰਹੇ, ਜਿਹੜੇ ਕਾਨੂੰਨ ਹੁਣ ਢੁਕਵੇਂ ਨਹੀਂ ਸਨ, ਉਨ੍ਹਾਂ ਨੂੰ ਵੀ ਖ਼ਤਮ ਕਰ ਦਿੱਤਾ ਗਿਆ। ਪਰ ਫਿਰ ਵੀ ਕਈ ਕਾਨੂੰਨ ਬਦਲੀਆਂ ਹਾਲਤਾਂ ਨਾਲ ਮੇਲ ਨਹੀਂ ਖਾਂਦੇ। ਪਿਛਲੇ ਕੁੱਝ ਸਾਲਾਂ ਵਿੱਚ, ਜਿਵੇਂ ਕਿ ਅਪਰਾਧਾਂ ਦੀ ਪ੍ਰਕਿਰਤੀ ਬਦਲੀ ਹੈ ਅਤੇ ਦੇਸ਼ ਦੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਵਾਲੀਆਂ ਗਤੀਵਿਧੀਆਂ ਵਧੀਆਂ ਹਨ ਅਤੇ ਅੱਤਵਾਦੀ ਸੰਗਠਨਾਂ ਦੀਆਂ ਸਰਗਰਮੀਆਂ ਵਧੀਆਂ ਹਨ, ਕੁੱਝ ਸਖ਼ਤ ਕਾਨੂੰਨਾਂ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਪਰ ਅਪਰਾਧਿਕ ਕਾਨੂੰਨ ਬਣਾਉਂਦੇ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ ਕਿ ਇਨ੍ਹਾਂ ਦੀ ਦੁਰਵਰਤੋਂ ਨਾ ਹੋਵੇ ਅਤੇ ਇਨ੍ਹਾਂ ਕਾਰਨ ਆਮ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ। ਬਸਤੀਵਾਦੀ ਯੁੱਗ ਦੇ ਦੇਸ਼ਧ੍ਰੋਹੀ ਕਾਨੂੰਨ ਦੀ ਥਾਂ 'ਤੇ ਨਵਾਂ ਦੇਸ਼ਧ੍ਰੋਹੀ ਕਾਨੂੰਨ ਲਿਆਉਣ ਦੇ ਕਾਰਨ ਸਭ ਤੋਂ ਵੱਧ ਆਲੋਚਨਾ ਕੀਤੀ ਜਾ ਰਹੀ ਹੈ ਕਿਉਂਕਿ ਇਸ ਨਾਲ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦਾ ਲੋਕਾਂ ਵਿੱਚ ਹੋਰ ਡਰ ਪੈਦਾ ਹੁੰਦਾ ਹੈ। ਭਾਵੇਂ ਹਰ ਨਵੇਂ ਕਾਨੂੰਨ ਦੇ ਸਕਾਰਾਤਮਕ ਅਤੇ ਨਕਾਰਾਤਮਕ ਪਹਿਲੂਆਂ ਦੀ ਚਰਚਾ ਕੀਤੀ ਜਾਂਦੀ ਹੈ ਅਤੇ ਹੋਣੀ ਚਾਹੀਦੀ ਹੈ, ਪਰ ਸਹਿਮਤੀ ਤੋਂ ਬਿਨਾਂ ਉਨ੍ਹਾਂ ਦਾ ਲਾਗੂ ਹੋਣਾ ਵਿਵਾਦ ਅਤੇ ਬੇਲੋੜੇ ਡਰ ਦਾ ਮਾਹੌਲ ਪੈਦਾ ਕਰਦਾ ਹੈ। ਜਦੋਂ ਤੱਕ ਆਮ ਨਾਗਰਿਕਾਂ ਨੂੰ ਇਨ੍ਹਾਂ ਕਾਨੂੰਨਾਂ ਵਿੱਚ ਭਰੋਸਾ ਨਹੀਂ ਹੁੰਦਾ, ਉਦੋਂ ਤੱਕ ਰੋਸ ਦੀ ਆਵਾਜ਼ ਬੁਲੰਦ ਹੁੰਦੀ ਰਹੇਗੀ। ਜਦੋਂ ਇਹ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਹੋਏ ਤਾਂ ਟਰੱਕ ਡਰਾਈਵਰਾਂ ਨੇ ਇਨ੍ਹਾਂ ਦੇ ਇੱਕ ਹਿੱਸੇ ਨੂੰ ਲੈ ਕੇ ਦੇਸ਼ ਵਿਆਪੀ ਹੜਤਾਲ ਕਰ ਦਿੱਤੀ। ਹੁਣ ਕਈ ਥਾਵਾਂ 'ਤੇ ਵਕੀਲ ਖ਼ੁਦ ਹੀ ਉਨ੍ਹਾਂ ਦੇ ਖਿਲਾਫ ਉਤਰਨ ਜਾ ਰਹੇ ਹਨ। ਕੁੱਝ ਸੂਬਿਆਂ ਨੇ ਇਨ੍ਹਾਂ ਖਿਲਾਫ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਵਿਰੋਧੀ ਧਿਰ ਸੰਸਦ ਵਿੱਚ ਹਮਲਾਵਰ ਹੈ। ਜੇਕਰ ਸੱਚਮੁੱਚ ਹੀ ਕੁੱਝ ਕਾਨੂੰਨ ਸਮਾਜ ਵਿੱਚ ਵਿਵਸਥਾ ਦੀ ਬਜਾਏ ਅਰਾਜਕਤਾ ਦਾ ਕਾਰਨ ਬਣਦੇ ਹਨ, ਤਾਂ ਇਹ ਕਿਸੇ ਵੀ ਤਰ੍ਹਾਂ ਲੋਕਤੰਤਰ ਲਈ ਚੰਗੀ ਗੱਲ ਨਹੀਂ ਹੋਵੇਗੀ। ਸਰਕਾਰ ਨੂੰ ਯਕੀਨ ਦਿਵਾਉਣਾ ਪਵੇਗਾ ਕਿ ਇਹ ਕਾਨੂੰਨ ਅਸਲ ਵਿੱਚ ਲੋਕਾਂ ਦੇ ਜਮਹੂਰੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਹਨ।

ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਪੰਜਾਬ ਦੇ ਬਦਲ ਰਹੇ ਸਿਆਸੀ ਸਮੀਕਰਣ



ਗੁਰਮੀਤ ਸਿੰਘ ਪਲਾਹੀ

**ਸਵਾਲ ਪੈਦਾ ਹੁੰਦਾ ਹੈ ਕਿ ਇਸ ਸਿਆਸਤ ਨਾਲ ਪੰਜਾਬ ਦਾ ਕੁਝ ਸੌਰੇਗਾ ? ਕੀ ਪੰਜਾਬ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦਾ ਰਹੇਗਾ ? ਕੀ ਪੰਜਾਬ ਦੀ ਜਵਾਨੀ ਇੰਜ ਹੀ ਰੁਲਦੀ ਰਹੇਗੀ। ਅੱਜ ਪੰਜਾਬ ਨਸ਼ਿਆਂ ਦੀ ਲਪੇਟ 'ਚ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਦੇ ਕੇਸਾਂ 'ਚ, ਪੰਜਾਬ ਦੇ ਨੌਜਵਾਨ ਵੱਡੀ ਗਿਣਤੀ 'ਚ ਬੈਠੇ ਹਨ। ਕਾਰਨ ਪੰਜਾਬ 'ਚ ਫੈਲਿਆ ਗੈਂਗਸਟਰ ਮਾਫੀਆ ਤੇ ਨਸ਼ਿਆਂ ਦੇ ਸੌਦਾਗਰ ਹਨ। ਕੀ ਇਹ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਵੱਧ-ਫੁੱਲ ਸਕਦੇ ਹਨ ? ਕਦਾਚਿਤ ਵੀ ਨਹੀਂ। ਕੀ ਇਹ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਕਿ ਇਹਨਾ ਦੀ ਸਰਪ੍ਰਸਤੀ ਕੌਣ ਕਰ ਰਿਹਾ ਹੈ ?**

ਸੂਬੇ ਪੰਜਾਬ ਦੇ ਸਿਆਸੀ ਹਾਲਾਤ ਨਿੱਤ ਪ੍ਰਤੀ ਬਦਲ ਰਹੇ ਹਨ। ਪਾਰਲੀਮੈਂਟ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਤ ਕੁਝ ਗੁਆ ਲਿਆ ਹੈ, ਹੁਣ ਉਹ ਵੋਟ ਪ੍ਰਤੀਸ਼ਤ ਸ਼੍ਰੋਮਣੀ ਅਕਾਲੀ ਦੇ ਪੱਲੇ ਨਹੀਂ ਰਹੀ, ਜੋ ਕਦੇ ਉਸਦਾ ਇੱਕ ਇਲਾਕਾਈ ਪਾਰਟੀ ਦੇ ਤੌਰ 'ਤੇ ਪ੍ਰਭਾਵੀ ਸਿਆਸੀ ਪਾਰਟੀ ਵਾਲਾ ਅਕਸ ਉਭਾਰਦੀ ਸੀ।

ਪਾਰਲੀਮੈਂਟ ਚੋਣਾਂ ਉਪਰੰਤ ਪੰਜਾਬ 'ਚ ਪੰਜ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਹਨਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਜਨ ਸਮਾਜ ਪਾਰਟੀ ਨਾਲ ਮੁੜ ਸਾਂਝ ਭਿਆਲੀ ਪਾਈ ਹੈ ਅਤੇ ਜਲੰਧਰ ਪੱਛਮੀ, ਚੱਬੇਵਾਲ (ਦੋਵੇਂ ਰਾਖਵੇਂ ਹਲਕੇ) ਚੋਣ ਹਲਕੇ ਤੋਂ ਬਸਪਾ ਚੋਣ ਲੜੇਗੀ ਅਤੇ ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਵਾਹਾ ਤੋਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਚੋਣ ਲੜਨਗੇ। ਇਹ ਜ਼ਿਮਨੀ ਚੋਣਾਂ ਅਗਲੇ ਛੇ ਮਹੀਨਿਆਂ 'ਚ ਹੋਣਗੀਆਂ। ਸ਼ਾਇਦ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਇਹ ਸਾਂਝ ਭਿਆਲੀ ਜਾਰੀ ਰਹੇ ਅਤੇ ਸਾਰੀਆਂ ਰਾਖਵੀਆਂ ਸੀਟਾਂ ਬਸਪਾ ਅਤੇ ਅਣ-ਰਾਖਵੀਆਂ ਸੀਟਾਂ ਉਤੇ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਖੜੇ ਹੋਣ। ਪਰ ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਹੁਣ ਨਾ ਬਸਪਾ ਦਾ ਰਾਖਵੀਆਂ ਸੀਟਾਂ ਉਤੇ ਕੋਈ ਵੱਡਾ ਬੋਲਬਾਲਾ ਹੈ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਆਪਣਾ ਅਧਾਰ ਬਚਾਕੇ ਰੱਖ ਸਕਿਆ ਹੈ।

ਪਿਛਲੀਆਂ ਦੋ-ਤਿੰਨ ਚੋਣਾਂ 'ਚ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਉਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਉਸ ਦੀ ਪਾਰਟੀ ਦੇ ਵੱਡੇ ਨੇਤਾ ਉਸਦਾ ਸਾਥ ਛਡ ਰਹੇ ਹਨ। ਬਾਗੀ ਹੋ ਰਹੇ ਹਨ। ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੁਖਬੀਰ ਸਿੰਘ ਬਾਦਲ ਤੋਂ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਕਾਟੋ-ਕਲੇਸ਼ ਇਥੋਂ ਤੱਕ ਵਧ ਚੁੱਕਾ ਹੈ ਕਿ ਜਲੰਧਰ ਪੱਛਮੀ ਤੋਂ ਸੁਖਬੀਰ ਸਿੰਘ ਬਾਦਲ ਨੇ ਬੀਬੀ ਸੁਰਜੀਤ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਥਾਪਿਆ ਸੀ, ਇਹ ਨਾਂਅ ਬੀਬੀ ਜਗੀਰ ਕੌਰ ਨੇ ਸੁਝਾਇਆ ਸੀ ਪਰ ਕਿਉਂਕਿ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬਮਧਕ ਕਮੇਟੀ ਹੁਣ ਵਿਰੋਧੀਆਂ ਦੇ ਖੇਮੇ ਦੀ ਮੁੱਖ ਨੇਤਾ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਨੇ ਸੁਰਜੀਤ ਕੌਰ ਨੂੰ ਆਪਣੇ ਉਮੀਦਵਾਰ ਵਜੋਂ ਹਿਮਾਇਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਐਲਾਨ ਕੀਤਾ ਹੈ। ਇਸ ਸਥਿਤੀ ਨਾਲ ਸੁਖਬੀਰ ਸਿੰਘ ਬਾਦਲ ਪ੍ਰਤੀ ਪਾਰਟੀ ਦੇ ਵਿਰੋਧੀ ਖੇਮੇ 'ਚ ਵੱਡਾ ਰੋਸ ਹੈ।

ਖਡੂਰ ਸਾਹਿਬ ਅਤੇ ਫਰੀਦਕੋਟ ਪਾਰਲੀਮਾਨੀ ਚੋਣਾਂ 'ਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਉਪਰੰਤ ਉਤਸ਼ਾਹਤ ਹੋਈਆਂ ਪੰਥਕ ਧਿਰਾਂ ਵਲੋਂ ਭਗਵੰਤ ਸਿੰਘ ਬਾਜੇਕੇ ਉਰਫ਼ ਪ੍ਰਧਾਨ ਮੰਤਰੀ ਗਿੱਦੜਵਾਹਾ, ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਅਤੇ ਕੁਲਵੰਤ ਸਿੰਘ ਰਾਊਕੇ ਬਰਨਾਲਾ ਵਿਧਾਨ ਸਭਾ ਚੋਣ ਹਲਕੇ ਤੋਂ ਚੋਣ ਲੜਨਗੇ। ਚੱਬੇਵਾਲ ਰਾਖਵਾਂ ਹਲਕਾ ਹੈ, ਇਸ ਧਿਰ ਵਲੋਂ ਇਥੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਹੈ।

ਇਥੇ ਵੇਖਣ ਯੋਗ ਗੱਲ ਇਹ ਵੀ ਹੋਵੇਗੀ ਕਿ ਕੀ ਸ਼੍ਰੋਮਣੀ ਅਕਾਲੀ ਦਲ (ਬ) ਦੋ ਫਾੜ ਹੋ ਜਾਏਗਾ ਤੇ ਇੱਕ ਹੋਰ ਨਵਾਂ ਅਕਾਲੀ ਦਲ ਬਣੇਗਾ। ਇਹ ਅਕਾਲੀ ਦਲ ਦੀ ਦੂਜੀਆਂ ਪੰਥਕ ਧਿਰਾਂ ਨਾਲ ਹੱਥ ਮਿਲਾਏਗਾ ? ਸਿਮਰਨਜੀਤ ਸਿੰਘ ਮਾਨ ਦਾ ਧੜਾ ਵੀ ਪਹਿਲਾਂ ਦੀ ਤਰ੍ਹਾਂ ਆਪਣੇ ਉਮੀਦਵਾਰ ਖੜੇ ਕਰੇਗਾ। ਖੱਬੀਆਂ ਧਿਰਾਂ ਵੀ ਮੈਦਾਨ 'ਚ ਆਉਣਗੀਆਂ, ਕਿਉਂਕਿ ਪੰਜਾਬ 'ਚ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਪਾਰਲੀਮਾਨੀ ਚੋਣਾਂ ਸਮੇਂ ਕੁਝ ਨਾ ਕੁਝ ਖੱਟਿਆ ਹੈ, ਇਸ ਕਰਕੇ ਕਿ ਚੋਣਾਂ ਆਹਮੋ-ਸਾਹਮਣੇ ਨਹੀਂ ਪੰਜ ਕੋਨੀਆਂ ਲੜੀਆਂ ਗਈਆਂ।

ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਉਪਰੰਤ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸੂਬੇ ਪੰਜਾਬ 'ਚ ਅਗਲੀਆਂ ਚੋਣਾਂ 'ਚ 'ਆਪ' ਨਾਲ ਉਹ ਕੋਈ ਭਾਈਵਾਲੀ ਨਹੀਂ ਕਰਨਗੇ। ਪੰਜਾਬ ਵਿੱਚ ਵੱਖਰੀਆਂ ਚੋਣਾਂ ਲੜਕੇ ਕਾਂਗਰਸ ਨੇ ਕੁਝ ਖੱਟਿਆ ਹੀ ਹੈ, ਗੁਆਇਆ ਨਹੀ।

ਭਾਰਤੀ ਜਨਤਾ ਪਾਰਟੀ ਪੰਜਾਬ 'ਚ ਪਾਰਲੀਮਾਨੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਵੋਟ ਪ੍ਰਤੀਸ਼ਤ ਪ੍ਰਾਪਤ ਕਰਕੇ ਉਤਸ਼ਾਹਤ ਹੈ ਅਤੇ ਜ਼ਿਮਨੀ ਚੋਣਾਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਪਾਰਟੀ ਵਲੋਂ ਦੂਜੇ ਖੇਮਿਆਂ 'ਚ ਸੰਨ ਲਾਉਣ ਦੀਆਂ ਤਰਤੀਬਾਂ ਲਗਾਤਾਰ ਜਾਰੀ ਹਨ। ਸਿਆਸੀ ਹਲਕੇ ਤਾਂ ਇਹ ਵੀ ਮੰਨਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਮੌਜੂਦਾ ਭੰਨ ਤੋੜ ਵੀ ਆਰ.ਐਸ.ਐਸ., ਭਾਜਪਾ ਦੀ ਸ਼ਹਿ ਉਤੇ ਹੋ ਰਹੀ ਹੈ।

ਆਮ ਆਦਮੀ ਪਾਰਟੀ ਦਾ ਚੋਣ ਗ੍ਰਾਫ ਘਟਿਆ ਹੈ। ਵੋਟ ਪ੍ਰਤੀਸ਼ਤ ਵੀ ਗੜਬੜ ਹੋਈ ਹੈ ਅਤੇ ਪਾਰਲੀਮੈਂਟ 'ਚ ਉਸਦੇ ਸਿਰਫ਼ ਤਿੰਨ ਉਮੀਦਵਾਰ ਜੇਤੂ ਰਹੇ ਹਨ, ਹਾਲਾਂਕਿ ਉਸ ਵਲੋਂ ਆਪਣੇ ਕੰਮ ਦੇ ਅਧਾਰ 'ਤੇ 13 ਸੀਟਾਂ ਜਿੱਤਣ ਦਾ ਦਾਅਵਾ ਸੀ। ਇਹ ਦਾਅਵਾ ਉਂਜ ਕਾਂਗਰਸ ਵਲੋਂ ਵੀ ਕੀਤਾ ਗਿਆ ਸੀ। ਪੰਜਾਬ ਦੀ ਹਾਕਮ ਧਿਰ ਪੰਜਾਬ 'ਚ ਪੂਰੀਆਂ ਸੀਟਾਂ ਜਿੱਤਣ ਦੇ ਮਾਮਲੇ 'ਚ ਉਸੇ ਤਰ੍ਹਾਂ ਭਰੋਸੇ 'ਚ ਸੀ, ਜਿਵੇਂ ਦਿੱਲੀ ਦਾ ਹਾਕਮ 400 ਸੀਟਾਂ ਜਿੱਤਣ ਦੀ ਗੱਲ, ਦੇਸ਼ 'ਚ ਵਿਕਾਸ, ਲੋਕ ਹਿਤੂ ਕਾਰਜਾਂ ਅਤੇ ਧਾਰਮਿਕ ਪੱਤਾ ਖੇਲ੍ਹਣ ਉਪਰੰਤ ਕਰ ਰਿਹਾ ਸੀ।

ਪਰ ਉਪਰ ਦਿੱਲੀ 'ਚ ਵੀ ਅਤੇ ਇਥੇ ਪੰਜਾਬ 'ਚ ਵੀ ਹਾਕਮ ਧਿਰ ਦੀ ਕਾਰਗੁਜ਼ਾਰੀ ਨੇ ਦਰਸਾ ਦਿੱਤਾ ਕਿ ਲੋਕ ਕੰਮ ਚਾਹੁੰਦੇ ਹਨ, ਰੁਜ਼ਗਾਰ ਚਾਹੁੰਦੇ ਹਨ, ਚੰਗਾ ਜੀਵਨ ਚਾਹੁੰਦੇ ਹਨ, ਸਿਰਫ਼ ਮੁਫ਼ਤ ਬਿਜਲੀ, ਪਾਣੀ ਜਾਂ ਕੁਝ ਲੋਕ ਲਭਾਊ ਨਾਹਰੇ ਜਾਂ ਸਹੂਲਤਾਂ ਤੱਕ ਸੀਮਤ ਨਹੀਂ ਰਹਿ ਸਕਦੇ।

ਪੰਜਾਬ ਇਸ ਵੇਲੇ ਸਿਆਸੀ ਦੁਬਿਧਾ ਵਿੱਚ ਹੈ। ਪੰਜਾਬ ਧੱਕਾ ਨਹੀਂ ਚਾਹੁੰਦਾ। ਪੰਜਾਬ ਵਾਸੀ ਫਰੇਬ ਵਾਲੀ ਰਾਜਨੀਤੀ ਨਹੀਂ ਚਾਹੁੰਦੇ। ਸਿੱਧਾ ਸਾਦਾ ਉਹਨਾ ਦਾ ਸਵਾਲ ਹੈ ਕਿ ਪੰਜਾਬ ਮੌਜੂਦਾ ਸਥਿਤੀ ਵਿੱਚੋਂ ਨਿਕਲੇਗਾ ਕਿਵੇਂ ? ਕਿਵੇਂ ਪੰਜਾਬ ਬਚਿਆ ਰਹੇਗਾ ਪ੍ਰਵਾਸ ਤੋਂ ? ਇਸ ਧਰਤੀ ਦੇ ਉਜਾੜੇ ਤੋਂ ? ਆਰਥਿਕ ਮੰਦਹਾਲੀ ਤੋਂ ? ਪੰਜਾਬ ਨਾਲ ਜੋ ਨਿਰੰਤਰ ਧੱਕਾ ਹੋਇਆ ਹੈ, ਉਸ ਦਾ ਇਨਸਾਫ ਕੌਣ ਕਰੇਗਾ ?

ਜਦੋਂ ਇਹਨਾ ਸਵਾਲਾਂ ਦੇ ਜਵਾਬ ਜਾਂ ਆਸ ਕਿਸੇ ਸਿਆਸੀ ਧਿਰ ਵਲੋਂ ਮਿਲਦਾ ਹੈ ਜਾਂ ਉਸਨੂੰ ਇਹਨਾ ਸਵਾਲਾਂ ਦੇ ਜਵਾਬ ਦੀ ਆਸ ਬੱਝਦੀ ਹੈ, ਉਹ ਉਸ ਵੱਲ ਹੀ ਉਲਰ ਪੈਂਦਾ ਹੈ। ਮਿਸਾਲ ਆਮ ਆਦਮੀ ਪਾਰਟੀ ਦੀ ਪਿਛਲੀ ਸਰਕਾਰ ਦੀ ਹੈ, ਜਦੋਂ 2022 'ਚ 92 ਵਿਧਾਨ ਸਭਾ ਪ੍ਰਤੀਨਿਧ ਉਸਦੇ ਹੀ ਪੰਜਾਬੀਆਂ ਚੁਣ ਦਿੱਤੇ ਤੇ ਧੁਰੰਤਰ ਸਿਆਸਤਦਾਨਾਂ ਨੂੰ ਸਮੇਤ ਪ੍ਰਕਾਸ਼ ਸਿੰਘ ਬਾਦਲ ਦੇ ਉਹਨਾ ਨੂੰ ਚਿੱਤ ਕਰ ਦਿੱਤਾ। ਪਰ ਦੋ ਵਰ੍ਹੇ ਹੀ ਬੀਤੇ ਹਨ, ਹਾਲਾਤ ਮੁੜ ਗੇੜ ਖਾ ਗਏ ਹਨ, ਉਲਾਰੂ ਸਿਆਸਤ ਨੇ ਫਿਰ ਖੰਭ ਫੈਲਾ ਲਏ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਿਆਸਤ ਨਾਲ ਪੰਜਾਬ ਦਾ ਕੁਝ ਸੌਰੇਗਾ ? ਕੀ ਪੰਜਾਬ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦਾ ਰਹੇਗਾ ? ਕੀ ਪੰਜਾਬ ਦੀ ਜਵਾਨੀ ਇੰਜ ਹੀ ਰੁਲਦੀ ਰਹੇਗੀ। ਅੱਜ ਪੰਜਾਬ ਨਸ਼ਿਆਂ ਦੀ ਲਪੇਟ 'ਚ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਦੇ ਕੇਸਾਂ 'ਚ, ਪੰਜਾਬ ਦੇ ਨੌਜਵਾਨ ਵੱਡੀ ਗਿਣਤੀ 'ਚ ਬੈਠੇ ਹਨ। ਕਾਰਨ ਪੰਜਾਬ 'ਚ ਫੈਲਿਆ ਗੈਂਗਸਟਰ ਮਾਫੀਆ ਤੇ ਨਸ਼ਿਆਂ ਦੇ ਸੌਦਾਗਰ ਹਨ। ਕੀ ਇਹ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਵੱਧ-ਫੁੱਲ ਸਕਦੇ ਹਨ ? ਕਦਾਚਿਤ ਵੀ ਨਹੀਂ। ਕੀ ਇਹ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਕਿ ਇਹਨਾ ਦੀ ਸਰਪ੍ਰਸਤੀ ਕੌਣ ਕਰ ਰਿਹਾ ਹੈ?

ਹੁਣ ਸਵਾਲ ਉਠਦੇ ਹਨ। ਫ਼ਰੀਦਕੋਟ ਤੇ ਖਡੂਰ ਸਾਹਿਬ ਤੋਂ ਉੱਠਦੀਆਂ ਗਰਮ ਹਵਾਵਾਂ ਕੀ ਪੰਜਾਬ ਵਿੱਚ ਭਗਵਿਆਂ ਨੂੰ ਆਪਣੀ ਸਿਆਸਤ ਜ਼ਰਖੇਜ਼ ਕਰਨ ਦਾ ਕਾਰਨ ਨਹੀਂ ਬਣੇਗੀ ? ਤਾਂ ਫਿਰ ਪੰਜਾਬ ਦਾ ਭਵਿੱਖ ਕੀ ਹੋਵੇਗਾ ? ਜੇਕਰ ਇੰਜ ਨਹੀਂ ਹੁੰਦਾ ਤਾਂ ਕੀ ਪੰਜਾਬ ਵੀ ਜੰਮੂ-ਕਸ਼ਮੀਰ ਵਾਂਗਰ ਤਿੰਨ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ 'ਚ ਵੰਡਿਆ ਜਾਏਗਾ ? ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋਕੇ ਸਜ਼ਾਵਾਂ ਲਗਵਾਕੇ ਆਪ ਦੁੱਧ ਧੋਤੇ ਹੋ ਜਾਣਗੇ ?ਕੀ ਸੁਖਬੀਰ ਸਿੰਘ ਬਾਦਲ ਪਿਛਲੇ ਕੀਤਿਆਂ ਦੀਆਂ ਭੁਲਾ ਬਖ਼ਸ਼ਾਕੇ ਸਾਫ਼ ਸੁਥਰਾ ਹੋ ਗਿਆ ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ।

ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ 'ਚ ਰਾਜਾਂ ਲਈ ਵਧ ਅਧਿਕਾਰ ਲੈਕੇ ਸੂਬੇ ਦਾ ਕੁਝ ਸੁਆਰ ਸਕੇ। ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁਦੱਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਨਾਉਣ ਦੇ ਚੱਕਰ 'ਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉਤੇ ਸਵਾਲ ਖੜੇ ਹੋ ਗਏ ਹਨ।

ਪੰਜਾਬ ਦੇ ਕੁਝ ਵਿਰਾਸਤੀ ਮੁੱਦੇ ਹਨ। ਇਹ ਮੁੱਦੇ ਪੰਜਾਬ ਦੇ ਅਣਖੀਲੇ ਲੋਕਾਂ ਦੀ ਸੋਚ ਨਾਲ ਜੁੜੇ ਹੋਏ ਹਨ। ਪੰਜਾਬ ਦੀ ਕੋਈ ਵੀ ਸਿਆਸੀ ਧਿਰ ਪਿਛਲੇ ਕੁਝ ਦਹਾਕਿਆਂ ਤੋਂ ਇਹਨਾ ਦੇ ਹੱਲ ਲਈ ਯਤਨਸ਼ੀਲ ਨਹੀਂ ਰਹੀ। ਸਿਆਸੀ ਧਿਰਾਂ ਬੱਸ ਓਪਰੇ -ਓਪਰੇ ਇਹਨਾ ਮੁੱਦਿਆਂ ਨੂੰ ਹੱਥ ਤਾਂ ਲਾਉਂਦੀਆਂ ਰਹੀਆਂ, ਪਰ ਇਹਨਾ ਦੇ ਹੱਲ ਕਰਨ ਲਈ ਹੌਂਸਲਾ ਨਹੀਂ ਕਰ ਰਹੀਆਂ। ਸਗੋਂ ਕਈ ਹਾਲਤਾਂ 'ਚ ਇਹਨਾ ਮੁੱਦਿਆਂ ਨੂੰ ਉਲਝਾ ਰਹੀਆਂ ਹਨ। ਜਿਸ ਨਾਲ ਪੰਜਾਬ ਦੀ ਸਮਾਜਿਕ, ਸਭਿਆਚਾਰਕ , ਆਰਥਿਕ ਸਥਿਤੀ ਪਚੀਦਾ ਹੁੰਦੀ ਜਾ ਰਹੀ ਹੈ।

ਪੰਜਾਬ 'ਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਹਨਾ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।

# ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਬਗਾਵਤੀ ਸੁਰਾਂ ਤੇ ਸੰਕਟ ਦੀ ਘੜੀ



ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਸੁਖਬੀਰ ਸਿੰਘ ਬਾਦਲ ਨੇ ਫ਼ਰਵਰੀ 2024 ਵਿੱਚ ਪੰਜਾਬ ਬਚਾਓ ਯਾਤਰਾ ਸ਼ੁਰੂ ਕੀਤੀ ਸੀ ਤਾਂ ਜੋ ਅਕਾਲੀ ਦਲ ਦੇ ਵਰਕਰਾਂ ਨੂੰ ਲਾਮਬੰਦ ਕਰਕੇ ਪਾਰਟੀ ਨੂੰ ਮੁੜ ਮਜ਼ਬੂਤ ਕਰਕੇ ਪੰਜਾਬ ਵਿੱਚ ਪਾਰਟੀ ਦਾ ਆਧਾਰ ਵਧਾਇਆ ਜਾ ਸਕੇ। ਪੰਜਾਬ ਬਚਾਓ ਯਾਤਰਾ ਅੱਧ ਵਿਚਕਾਰ ਹੀ ਛੱਡਣੀ ਪਈ ਪ੍ਰੰਤੂ ਹੁਣ ਟਕਸਾਲੀ ਅਕਾਲੀ ਨੇਤਾਵਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਵੰਗਾਰਦਿਆਂ ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ 1 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਕਰਨ ਦਾ ਐਲਾਨ ਕੀਤਾ ਹੈ। ਟਕਸਾਲੀ ਅਕਾਲੀ ਨੇਤਾ ਇਸ ਲਹਿਰ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਦੀ ਗੱਲ ਕਰਦੇ ਹਨ।

ਟਕਸਾਲੀ ਸ੍ਰੀ ਅਕਾਲ ਤਖ਼ਤ ਤੋਂ ਇਹ ਲਹਿਰ ਸ਼ੁਰੂ ਕਰਕੇ ਇਹ ਵੀ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਪੰਥਕ ਪਰੰਪਰਾਵਾਂ ਅਨੁਸਾਰ ਚਲਣ ਵਾਲੀ ਹੈ। ਪ੍ਰੰਤੂ ਸੁਖਬੀਰ ਸਿੰਘ ਬਾਦਲ ਪੰਥਕ ਪਾਰਟੀ ਨੂੰ ਲੀਹਾਂ ਤੋਂ ਲਾਹ ਕੇ ਕੰਮ ਕਰ ਰਹੇ ਸਨ। ਅਸਲ ਵਿੱਚ ਟਕਸਾਲੀਆਂ ਦੀ ਭਾਵਨਾ ਸੁਖਬੀਰ ਸਿੰਘ ਬਾਦਲ ਵਿਰੁੱਧ ਅਕਾਲੀ ਵਰਕਰਾਂ ਨੂੰ ਸੰਗਠਤ ਕਰਨ ਦੀ ਯੋਜਨਾ ਲੱਗਦੀ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ 103 ਸਾਲ ਪੁਰਾਣੀ ਜੁਝਾਰੂਆਂ ਦੀ ਕੁਰਬਾਨੀਆਂ ਦੇਣ ਵਾਲੀ ਰੀਜਨਲ ਪਾਰਟੀ ਬਿਖਰਨ ਦੇ ਕਿਨਾਰੇ ਪਹੁੰਚ ਗਈ ਹੈ। ਸਮੁੱਚੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਬਣਿਆਂ ਹੋਇਆ ਹੈ ਕਿਉਂਕਿ ਦੇਸ਼ ਦੀ ਇਹ ਪਹਿਲੀ ਰੀਜਨਲ ਪਾਰਟੀ ਹੈ, ਜਿਸ ਦਾ ਅਸਤਿਤਵ ਖ਼ਤਰੇ ਵਿੱਚ ਪੈ ਗਿਆ ਹੈ। ਅੱਜ ਕਲ੍ਹ ਕੌਮੀ ਪਾਰਟੀਆਂ ਦੀ ਸਿਆਸੀ ਅਸਥਿਰਤਾ ਕਰਕੇ ਰੀਜਨਲ ਪਾਰਟੀਆਂ ਦੀ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਹੋਂਦ ਬਰਕਰਾਰ ਰਹਿਣਾ ਅਤਿਅੰਤ ਜ਼ਰੂਰੀ ਹੈ। ਅਜਿਹੇ ਨਾਜ਼ਕ ਸਮੇਂ ਜਦੋਂ ਕੇਂਦਰ ਵਿੱਚ ਗਠਜੋੜ ਸਰਕਾਰਾਂ ਦੀ ਪ੍ਰਣਾਲੀ ਚਲ ਰਹੀ ਹੈ ਤਾਂ ਅਕਾਲੀ ਦਲ ਦਾ ਬਿਖ਼ਰਨਾ ਪੰਜਾਬੀਆਂ ਲਈ ਨੁਕਸਾਨਦਾਇਕ ਸਾਬਤ ਹੋਵੇਗਾ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਪਿਛਲੇ 7 ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸੀਨੀਅਰ ਅਕਾਲੀ ਨੇਤਾ ਮਹਿਸੂਸ ਕਰ ਰਹੇ ਹਨ ਕਿ ਅਕਾਲੀ ਦਲ ਕੋਈ ਪਿਤਾ ਪੁਰਖੀ ਪਾਰਟੀ ਨਹੀਂ ਹੈ। ਇਸ ਲਈ ਪਾਰਟੀ ਦੇ ਸੰਵਿਧਾਨ ਅਨੁਸਾਰ ਅੰਦਰੂਨੀ ਪਰਜਾਤੰਤਰਿਕ ਢੰਗ ਨਾਲ ਚੋਣ ਹੋਣੀ ਜ਼ਰੂਰੀ ਹੈ। ਪਰਕਾਸ਼ ਸਿੰਘ ਬਾਦਲ ਨੇ ਆਪਣੀ ਸਰਪ੍ਰਸਤੀ ਹੇਠ ਸਾਰੇ ਸੀਨੀਅਰ ਨੇਤਾਵਾਂ ਨੂੰ ਅਣਡਿਠ ਕਰਕੇ ਸੁਖਬੀਰ ਸਿੰਘ ਬਾਦਲ ਨੂੰ 2008 ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ 2009 ਵਿੱਚ ਉਪ ਮੁੱਖ ਮੰਤਰੀ ਬਣਾ ਲਿਆ ਸੀ। ਜਦੋਂ ਤੋਂ ਸੁਖਬੀਰ ਸਿੰਘ ਬਾਦਲ ਪ੍ਰਧਾਨ ਬਣਿਆਂ ਹੈ ਉਦੋਂ ਤੋਂ ਹੀ ਪਾਰਟੀ ਵਿੱਚ ਘੁਸਰ ਮੁਸਰ ਹੋ ਰਹੀ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ। ਨਤੀਜੇ ਨਿਰਾਸ਼ਾਜਨਕ ਰਹੇ ਹਨ। 2022 ਵਿੱਚ ਤਾਂ ਪਾਰਟੀ ਸਿਰਫ 3 ਵਿਧਾਨ ਸਭਾ ਸੀਟਾਂ ਜਿੱਤ ਸਕੀ,

ਇਥੋਂ ਤੱਕ ਕਿ ਪਰਕਾਸ਼ ਸਿੰਘ ਬਾਦਲ ਵੀ ਲੰਬੀ ਤੋਂ ਚੋਣ ਹਾਰ ਗਏ ਸਨ। 2024 ਦੀਆਂ ਲੋਕ ਸਭਾ ਚੋਣਾ ਵਿੱਚ 13 ਲੋਕ ਸਭਾ ਸੀਟਾਂ ਵਿੱਚੋਂ ਸਿਰਫ ਇੱਕ ਬਠਿੰਡਾ ਦੀ ਸੀਟ ਜਿੱਤ ਸਕੇ ਤੇ 10 ਸੀਟਾਂ ਤੋਂ ਪਾਰਟੀ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਜ਼ਬਤ ਹੋ ਗਈਆਂ। ਵੋਟ ਪ੍ਰਤੀਸ਼ਤ 12 ਫ਼ੀ ਸਦੀ ਰਹਿ ਗਈ ਜਦੋਂ ਕਿ ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18 ਹੋ ਗਈ। ਜਿਸ ਕਰਕੇ ਟਕਸਾਲੀ ਅਕਾਲੀ ਨੇਤਾਵਾਂ ਵਿੱਚ ਨਿਰਾਸ਼ਾ ਫ਼ੈਲ ਗਈ। ਇਸ ਕਰਕੇ ਉਨ੍ਹਾਂ ਨੇ ਸੀਨੀਅਰ ਅਕਾਲੀ ਨੇਤਾ ਮਰਹੂਮ ਕੁਲਦੀਪ ਸਿੰਘ ਬਡਾਲਾ ਦੇ ਫਾਰਮ ਹਾਊਸ ਵਿੱਚ ਟਕਸਾਲੀ ਨੇਤਾਵਾਂ ਦੀ ਮੀਟਿੰਗ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਵਰਕਰਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਅਸਤੀਫ਼ਾ ਦੇਣ ਲਈ ਮਤਾ ਪਾਸ ਕੀਤਾ ਗਿਆ ਹੈ। ਪਰਕਾਸ਼ ਸਿੰਘ ਬਾਦਲ ਦੇ ਜਿਉਂਦਿਆਂ ਹੀ ਸੀਨੀਅਰ ਨੇਤਾਵਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੈਲੰਜ ਕਰਨਾ ਸ਼ੁਰੂ ਕਰ ਦਿੱਤਾ ਸੀ। 2019 ਵਿੱਚ ਮਾਝੇ ਦੇ ਜਰਨੈਲ ਦੇ ਤੌਰ 'ਤੇ ਜਾਣੇ ਜਾਂਦੇ ਰਣਜੀਤ ਸਿੰਘ ਬ੍ਰਹਮਪੁਰਾ ਪਾਰਟੀ ਛੱਡ ਗਏ। ਉਨ੍ਹਾਂ ਨੇ ਆਪਣਾ ਅਕਾਲੀ ਦਲ ਟਕਸਾਲੀ ਬਣਾ ਲਿਆ। ਫਿਰ ਸੁਖਦੇਵ ਸਿੰਘ ਢੀਂਡਸਾ 2020 ਵਿੱਚ ਵੱਖਰੇ ਹੋ ਗਏ ਤੇ ਉਨ੍ਹਾਂ ਸੰਯੁਕਤ ਅਕਾਲੀ ਦਲ ਬਣਾ ਲਿਆ। ਇਸ ਪ੍ਰਕਾਰ ਅਕਾਲੀ ਦਲ ਨੂੰ ਖੋਰਾ ਲੱਗਦਾ ਰਿਹਾ। ਪਰਕਾਸ਼ ਸਿੰਘ ਬਾਦਲ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਇਹ ਪਹਿਲੀ ਵਾਰ ਸੁਖਬੀਰ ਸਿੰਘ ਬਾਦਲ ਲਈ ਵੱਡੀ ਵੰਗਾਰ ਖੜ੍ਹੀ ਹੋ ਗਈ ਹੈ।

ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਮਰਹੂਮ ਪ੍ਰਧਾਨਾ ਦੇ ਪਰਿਵਾਰਿਕ ਮੈਂਬਰ ਜਿਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ ਦੀ ਦੋਹਤੀ ਬੀਬੀ ਕਿਰਨਜੀਤ ਕੌਰ, ਮੋਹਣ ਸਿੰਘ ਤੁੜ ਦਾ ਜਵਾਈ ਸੁਚਾ ਸਿੰਘ ਛੋਟੇਪੁਰ, ਜਗਦੇਵ ਸਿੰਘ ਤਲਵੰਡੀ ਦੀ ਨੂੰਹ ਬੀਬੀ ਹਰਜੀਤ ਕੌਰ ਤਲਵੰਡੀ, ਬੀਬੀ ਜਾਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਕੁਲਦੀਪ ਸਿੰਘ ਵਡਾਲਾ ਦਾ ਲੜਕਾ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦਾ ਲੜਕਾ ਭਾਈ ਮਨਜੀਤ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ ਹਰਿੰਦਰਪਾਲ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਦਾ ਲੜਕਾ ਗਗਨਦੀਪ ਸਿੰਘ ਬਰਨਾਲਾ, ਸਿਕੰਦਰ ਸਿੰਘ ਮਲੂਕਾ, ਬੀਬੀ ਪਰਮਜੀਤ ਕੌਰ ਲਾਂਡਰਾਂ ਆਦਿ ਨੇ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਛੱਡਣ ਲਈ ਆਯੋਜਤ ਮੀਟਿੰਗ ਵਿੱਚ ਹਿੱਸਾ ਲਿਆ ਹੈ। ਇਸ ਤੋਂ ਪਹਿਲਾਂ ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਿਅਕਤੀ ਇਕ ਪੋਸਟ ਲਈ ਪਰਕਾਸ਼ ਸਿੰਘ ਬਾਦਲ ਨੂੰ ਨਵੰਬਰ 1998 ਵਿੱਚ ਸੁਝਾਅ ਦਿੱਤਾ ਸੀ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ 16 ਮਾਰਚ 1999 ਨੂੰ ਖਾਲਸਾ ਸਾਜਨਾ ਦੇ 300 ਸਾਲਾ ਸਮਾਗਮ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣਾ ਸਰਬ ਹਿੰਦ ਅਕਾਲੀ ਦਲ ਬਣਾ ਲਿਆ ਸੀ। ਉਸ ਤੋਂ ਬਾਅਦ 2002 ਵਿੱਚ ਹੋਈਆਂ ਵਿਧਾਨ ਸਭਾ ਚੋਣਾ ਵਿੱਚ ਭਾਵੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਰਬ ਹਿੰਦ ਅਕਾਲੀ ਦਲ ਦਾ ਇਕ ਵੀ ਉਮੀਦਵਾਰ ਜਿੱਤ ਨਹੀਂ ਸਕਿਆ ਸੀ ਪ੍ਰੰਤੂ ਬਾਦਲ ਦਲ ਨੂੰ ਹਰਾਉਣ ਵਿੱਚ ਯੋਗਦਾਨ ਪਾਇਆ ਸੀ।

ਇਸ ਦਾ ਭਾਵ ਇਹ ਹੈ ਕਿ ਬਾਦਲ ਪਰਿਵਾਰ ਹਰ ਹਾਲਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੇ ਆਪਣਾ ਕਬਜ਼ਾ ਰੱਖਣਾ ਚਾਹੁੰਦਾ ਹੈ। ਭਾਵੇਂ ਅਕਾਲੀ ਦਲ ਵਿੱਚ ਪਹਿਲਾਂ ਵੀ ਬਹੁਤ ਉਤਰਾਅ ਚੜ੍ਹਾਅ ਆਏ ਹਨ ਪ੍ਰੰਤੂ ਪਹਿਲੀਆਂ ਬਗਾਬਤੀ ਸੁਰਾਂ ਸਾਰਥਿਕ ਸਾਬਤ ਨਹੀਂ ਹੋਈਆਂ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਦੀ ਮਿਕਨਾਤੀਸੀ ਸਿਆਸਤ ਨੇ ਕਿਸੇ ਵਿਰੋਧੀ ਨੂੰ ਉਠਣ ਹੀ ਨਹੀਂ ਦਿੱਤਾ। ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਨੇਤਾਵਾਂ ਵੱਲੋਂ ਸੰਗਠਤ ਢੰਗ ਨਾਲ ਪ੍ਰੋਗਰਾਮ ਉਲੀਕਿਆ ਗਿਆ ਹੈ। ਵੇਖਣ ਵਾਲੀ ਗੱਲ ਹੈ ਕਿ ਵਿਦੇਸ਼ ਦਾ ਪੜ੍ਹਿਆ ਸੁਖਬੀਰ ਸਿੰਘ ਬਾਦਲ ਇਸ ਜਵਾਰਭਾਟੇ ਦੀ ਲਹਿਰ ਦਾ ਮੁਕਾਬਲਾ ਕਰ ਸਕੇਗਾ ਜਾਂ ਫਿਰ ਬਾਦਲ ਪਰਿਵਾਰ ਦਾ ਗਲਬਾ ਢਹਿ ਢੇਰੀ ਹੋ ਜਾਵਗਾ। ਪਰਕਾਸ਼ ਸਿੰਘ ਬਾਦਲ ਨੂੰ ਸਿਆਸਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਉਸ ਨੇ ਆਪਣੀ ਸਿਆਸੀ ਕਾਬਲੀਅਤ ਨਾਲ ਅਕਾਲੀ ਦਲ ਦੇ ਕਿਸੇ ਵੀ ਨੇਤਾ ਨੂੰ ਆਪਣੇ ਬਰਾਬਰ ਉਭਰਨ ਹੀ ਨਹੀਂ ਦਿੱਤਾ। ਭਾਵੇਂ ਇੱਕ ਦਰਜਨ ਤੋਂ ਵੱਧ ਅਕਾਲੀ ਦਲ ਅਜੇ ਵੀ ਪੰਜਾਬ ਵਿੱਚ ਬਣੇ ਹੋਏ ਹਨ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਬਾਦਲ ਸਭ ਤੋਂ ਮਜ਼ਬੂਤ ਅਕਾਲੀ ਦਲ ਹੈ। ਅਕਾਲੀ ਦਲ ਨੂੰ ਸਿਆਸੀ ਤਾਕਤ ਗੁਰੂ ਘਰਾਂ ਤੋਂ ਮਿਲਦੀ ਹੈ। ਜਿਸ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਹੁੰਦਾ ਹੈ, ਉਹ ਹੀ ਮੁੱਖ ਧਾਰਾ ਵਾਲਾ ਅਕਾਲੀ ਦਲ ਸਥਾਪਤ ਸਮਝਿਆ ਜਾਂਦਾ ਹੈ, ਕਿਉਂਕਿ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਉਸ ਅਕਾਲੀ ਦਲ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਰਚਾ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਰਿਹਾ ਹੈ, ਇਸ ਕਰਕੇ ਪਿਛਲੇ ਲੰਬੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਦਲ ਪਰਿਵਾਰ ਨੇ ਹੋਣ ਨਹੀਂ ਦਿੱਤੀਆਂ, ਕਿਉਂਕਿ ਹੋ ਸਕਦਾ ਬਾਦਲ ਧੜਾ ਕਮੇਟੀ ਦੀਆਂ ਚੋਣਾਂ ਹਾਰ ਨਾ ਜਾਵੇ ਤੇ ਅਕਾਲੀ ਦਲ ਤੋਂ ਵੀ ਕਬਜ਼ਾ ਛੱਡਣਾ ਪੈ ਸਕਦਾ ਹੈ।

ਜਦੋਂ ਟਕਸਾਲੀ ਨੇਤਾਵਾਂ ਦੀ ਜਲੰਧਰ ਵਿਖੇ ਮੀਟਿੰਗ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਮਤਾ ਪਾਸ ਕਰ ਰਹੀ ਸੀ ਤਾਂ ਦੂਜੇ ਪਾਸੇ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿੱਚ ਸੁਖਬੀਰ ਸਿੰਘ ਬਾਦਲ ਆਪਣੇ ਸਮਰਥਕਾਂ ਨਾਲ ਅਗਲੀ ਰਣਨੀਤੀ ਬਣਾਉਣ ਲਈ ਮੀਟਿੰਗ ਕਰ ਰਿਹਾ ਸੀ। ਇਸ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਵਿੱਚ ਭਰੋਸਾ ਪ੍ਰਗਟਾਇਆ ਗਿਆ ਹੈ। ਚੰਡੀਗੜ੍ਹ ਵਾਲੀ ਮੀਟਿੰਗ ਵਿੱਚ ਬਲਵਿੰਦਰ ਸਿੰਘ ਭੂੰਦੜ ਅਤੇ ਜਨਮੇਜਾ ਸਿੰਘ ਸੇਖ਼ੋਂ ਤੋਂ ਬਿਨਾ ਹੋਰ ਕੋਈ ਬਹੁਤੇ ਸੀਨੀਅਰ ਲੀਡਰ ਹਾਜ਼ਰ ਨਹੀਂ ਸਨ। ਸਿੱਖ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹਨ, ਉਹ ਸ਼੍ਰੋਮਣੀ ਅਕਾਲੀ ਦਲ ਵਰਗੀ ਰੀਜਨਲ ਪਾਰਟੀ ਦਾ ਅਜਿਹੇ ਸੰਕਟ ਵਿੱਚ ਹੋਣ 'ਤੇ ਚਿੰਤਾ ਪ੍ਰਗਟ ਕਰ ਰਹੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਕਾਲੀ ਦਲ ਕਦੀਂ ਵੀ ਖ਼ਤਮ ਨਹੀਂ ਹੋਵੇਗਾ, ਅਜਿਹੇ ਜਵਾਰਭਾਟੇ ਵਰਗੀਆਂ ਲਹਿਰਾਂ ਪਹਿਲਾਂ ਵੀ ਆਈਆਂ ਹਨ ਤੇ ਅੱਗੋਂ ਨੂੰ ਵੀ ਆਉਂਦੀਆਂ ਰਹਿਣਗੀਆਂ। ਪੜਚੋਲਕਾਰ ਮਹਿਸੂਸ ਕਰਦੇ ਹਨ, ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਹਿੱਤਾਂ ਲਈ ਪ੍ਰਧਾਨਗੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਗਾਂਧੀ ਪਰਿਵਾਰ 'ਤੇ ਪਰਿਵਾਰਵਾਦ ਦਾ ਇਲਜ਼ਾਮ ਲਗਦਾ ਸੀ ਤਾਂ ਉਨ੍ਹਾਂ ਨੇ ਮਲਿਕ ਅਰਜੁਨ ਖੜਗੇ ਨੂੰ ਪ੍ਰਧਾਨ ਬਣਾਕੇ ਇਹ ਇਲਜ਼ਾਮ ਲਾਹ ਦਿੱਤਾ ਹੈ ਭਾਵੇਂ ਤੂਤੀ ਗਾਂਧੀ ਪਰਿਵਾਰ ਦੀ ਹੀ ਬੋਲਦੀ ਹੈ। ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਵੀ ਕੋਈ ਹੋਰ ਲੀਡਰ ਨੂੰ ਪ੍ਰਧਾਨ ਬਣਾਕੇ ਅਕਾਲੀ ਦਲ ਨੂੰ ਸੰਕਟ ਵਿੱਚੋਂ ਕੱਢਣ ਦੀ ਪਹਿਲ ਕਰਨੀ ਚਾਹੀਦੀ ਹੈ।


ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸੰਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।




Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca


# ਕਿੱਧਰ ਨੂੰ ਤੁਰ ਪਿਆ ਸਾਡਾ ਪੰਜਾਬੀ ਸਿਨੇਮਾ ?



ਕਾਲਾ ਸਿੰਘ ਸੈਣੀ
(99882-80386)

ਬੀਤੇ ਵੇਲੇ ਨੂੰ ਯਾਦ ਕਰਦਿਆਂ ਮਨੋਰੰਜ਼ਨ ਦੇ ਸਾਧਨ ਸਿਨੇਮੇ ਦੀ ਗੱਲ ਚਲਦੀ ਹੈ ਤਾਂ ਬੇਹੱਦ ਮਾਣ ਮਹਿਸੂਸ ਹੁੰਦਾ ਹੈ। ਜਦੋਂ ਮਨੋਰੰਜ਼ਨ ਦੇ ਸਾਧਨ ਸਿਨੇਮੇ ਦੇ ਪ੍ਰਚਾਰ ਸੀਮਤ ਜਿਹੇ ਸਾਧਨ ਹੁੰਦੇ ਸਨ। ਹਰੇਕ ਸ਼ੁੱਕਰਵਾਰ ਰੇਹੜੀ ਵਾਲਾ ਦੀਵਾਰਾਂ ਨਵੀਂ ਫਿਲਮ ਦੇ ਪੋਸਟਰ ਲਾ ਕੇ ਜਾਂਦਾ। ਕੰਧਾਂ ਉੱਤੇ ਲੱਗੇ ਪੋਸਟਰ ਨੂੰ ਦੇਖਦੇ ਹੋਏ ਫਿਲਮ ਵਿੱਚਲੇ ਚਹੇਤੇ ਕਲਾਕਾਰਾਂ ਨੂੰ ਦੇ ਚਿਹਰਿਆਂ ਨੂੰ ਦੇਖਕੇ ਮਨ ਗਦਗਦ ਹੋ ਜਾਂਦਾ। ਫਿਲਮ ਦੇ ਹਾਫ ਟਾਇਮ ਵੇਲੇ ਸਿਨੇਮੇ ਵਿੱਚ ਲੱਗਿਆਂ ਕਾਪੀਆਂ ਦੇਖਣ ਦਾ ਸ਼ੌਕ..। ਫਿਲਮਾਂ ਦੇਖਣ ਦੇ ਸ਼ੌਕੀਨ ਫਿਰ ਸਿਨੇਮਾਘਰਾਂ ਦੀ ਟਿਕਟ ਖਿੜਕੀ ਤੋਂ ਆਪਣੀ ਜੇਬ ਅਨੁਸਾਰ ਟਿਕਟ ਖ਼ਰੀਦ ਕੇ ਫਿਲਮ ਦੇਖਦੇ ਸਨ। ਅਜੋਕੇ ਸਮੇਂ ਅੰਦਰ ਮਨੋਰੰਜ਼ਨ ਦੇ ਅਹਿਮ ਸਾਧਨ ਸਿਨੇਮੇ ਦੀ ਥਾਂ ਹੁਣ ਮਲਟੀਪਲੈਕਸ ਪੀ ਵੀ ਆਰ ਨੇ ਲੈ ਲਈ ਹੈ,ਜਿੱਥੇ ਫਿਲਮਾਂ ਦੀ ਗਿਣਤੀ 'ਚ ਕਈ ਗੁਣਾ ਵਾਧਾ ਹੋਇਆ ਹੈ। ਉਸ ਨੂੰ ਦੇਖਦਿਆਂ ਦੇਖਦਿਆਂ ਫਿਲਮਾਂ ਦੇ ਪ੍ਰਚਾਰ ਦੇ ਢੰਗ ਤਰੀਕਿਆਂ 'ਚ ਵੀ ਬਦਲਾਅ ਆ ਗਿਆ ਹੈ। ਹੁਣ ਹਰ ਮਹੀਨੇ ਕਈ-ਕਈ ਫਿਲਮਾਂ ਰਿਲੀਜ਼ ਹੁੰਦੀਆਂ ਹਨ। ਜਿਨ੍ਹਾਂ ਨੂੰ ਲੋਕ ਮਨਾਂ 'ਚ ਵਸਾਉਣ ਲਈ ਫਿਲਮ ਰਿਲੀਜ਼ ਹੋਣ ਤੋਂ ਪਹਿਲਾ ਹੀ ਫਿਲਮ ਦੀ ਟੀਮ ਵਲੋਂ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਸ਼ੜਕਾਂ ਉੱਤੇ ਵੱਡੇ-ਰਾਹਗੀਰਾਂ ਦੇ ਧਿਆਨ ਖਿੱਚਣ ਲਈ ਵੱਡੇ ਫਲੈਕਸ ਲਗਾਏ ਜਾਂਦੇ ਹਨ,ਸੰਬੰਧਿਤ ਫਿਲਮ ਦੀ ਟੀਮ ਵਲੋਂ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਫਿਲਮਾਂ ਦੇਖਣ ਲਈ ਭਰਮਾਇਆ ਜਾ ਰਿਹਾ ਹੈ। ਆਪਣੇ ਸਫਰ ਦੌਰਾਨ ਪੰਜਾਬੀ ਸਿਨੇਮੇ ਨੇ ਕਈ ਉਤਰਾਅ-ਚੜਾਅ ਵੇਖਦੇ ਹਨ। ਅਜੋਕੇ ਪੰਜਾਬੀ ਸਿਨੇਮੇ ਦੇ ਹਾਲਾਤ ਕਈ ਸਵਾਲ ਖੜ੍ਹੇ ਕਰਦੇ ਹੈ। ਪਿੱਛਲੇ ਤਿੰਨ ਚਾਰ ਸਾਲਾਂ ਤੋਂ ਪੰਜਾਬੀ ਫਿਲਮਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੀ ਹੋ ਰਿਹਾ ਹੈ। ਸਫਲ ਫਿਲਮਾਂ ਨਾਲੋਂ ਅਸਫਲ ਫਿਲਮਾਂ ਦੀ ਗਿਣਤੀ ਜ਼ਿਆਦਾ ਹੈ। ਵਿਸ਼ੇ ਅਤੇ ਕਹਾਣੀਆਂ ਪੱਖੋਂ ਤਕਨੀਕੀ ਦੌਰ 'ਚ ਸਿਨੇਮਾਘਰ ਦਰਸ਼ਕਾਂ ਤੋਂ ਸੱਖਣੇ ਹੋ ਰਹੇ ਹਨ। 'ਭੂਤਾਂ', ਚੁੜੇਲਾਂ', 'ਬੇਲੋੜੀ ਮਾਰਧਾੜ', 'ਡਬਲ ਮਿਨਿੰਗ ਡਾਇਲਾਗ', 'ਪੰਚ ਮਾਰ ਕਮੇਡੀ', ਵਿਸ਼ਿਆਂ ਤੋਂ ਜਿੱਥੇ ਦਰਸ਼ਕ ਵਰਗ ਫਿਲਮਾਂ ਦੇਖਣ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉੱਥੇ ਹੀ ਉਪਰੋਕਤ ਵਿਸ਼ਿਆਂ ਤੋਂ ਦਰਸ਼ਕ ਤਾਂ ਕੀ ਹੁਣ ਸਿਨੇਮਾ ਵੀ ਡਰਨ ਲੱਗ ਪਿਆ ਹੈ। ਵਿਸ਼ੇ ਅਤੇ ਕਹਾਣੀਆਂ ਤੋਂ ਭਟਕ ਰਹੇ ਪੰਜਾਬੀ ਸਿਨੇਮੇ ਨੂੰ ਦੇਖਦੇ ਹੋਏ ਸੂਝਵਾਨ ਦਰਸ਼ਕਾਂ, ਉੱਘੇ ਸਾਹਿਤਕਾਰਾਂ, ਗੀਤਕਾਰਾਂ ਅਤੇ ਰੰਗਮੰਚ ਅਤੇ ਫਿਲਮ ਨਿਰਮਾਣ ਨਾਲ ਜੁੜਿਆਂ ਸ਼ਖ਼ਸ਼ੀਅਤਾਂ ਨਾਲ ਗੱਲਬਾਤ ਕੀਤੀ ਤਾਂ ਬਹੁਤ ਸਾਰੇ ਸਵਾਲ ਉੱਭਰ ਕੇ ਸਾਹਮਣੇ ਆਏ।

## ਬੁਰੇ ਦੌਰ 'ਚ ਗੁਜਰ ਰਿਹਾ ਪੰਜਾਬੀ ਸਿਨੇਮਾ:ਰਤਨ ਔਲਖ



ਪੰਜਾਬੀ ਸਿਨੇਮੇ ਦੇ ਲੇਖਕ,ਨਿਰਦੇਸ਼ਕ ਅਤੇ ਅਦਾਕਾਰ ਰਤਨ ਔਲਖ ਦਾ ਕਹਿਣਾ ਹੈ ਕਿ ਪੰਜਾਬੀ ਸਿਨੇਮਾ ਨੂੰ ਅੱਜ ਦੇ ਦੌਰ ਵਿੱਚ ਬਹੁਤ ਅਗੇ ਵਧਣ ਚਾਹੀਦਾ ਸੀ। ਕਿਉਂਕਿ ਅੱਜ ਪੰਜਾਬੀ ਦਰਸ਼ਕ ਸਾਰੀ ਦੁਨੀਆਂ ਵਿਚ ਹਨ ਤੇ ਟਿਕਟ ਤੇ ਪੈਸਾ ਵੀ ਖਰਚ ਸਕਦੇ ਹਨ,ਪਰ ਪੰਜਾਬੀ ਸਿਨੇਮਾ ਪੁਰਾਣੇ ਪੱਧਰ ਤੋਂ ਥੱਲੇ ਜਾ ਰਿਹਾ ਹੈ। ਜਿਸ ਦਾ ਵੱਡਾ ਕਾਰਨ ਚੰਗੀ ਕਹਾਣੀ ਤੇ ਪਟਕਥਾ ਦੀ ਘਾਟ ਤੇ ਜਿਆਦਾ ਫਿਲਮਾਂ ਬਣਾਉਣ ਦੀ ਹੋੜ। ਕਹਾਣੀ ਦੇ ਨਾਮ ਤੇ ਭੂਤ ਪ੍ਰੇਤ,ਫੂਹੜ ਹਾਸਾ,ਬੇਲੋੜੀ ਮਾਰਧਾੜ ਤੇ ਸਮਾਜ ਤੇ ਸੱਭਿਆਚਾਰ ਤੋਂ ਦੂਰ ਦੀ ਗੱਲ ਕੀਤੀ ਜਾਣ ਕਾਰਨ ਦਰਸ਼ਕਾਂ ਦਾ ਫਿਲਮਾਂ ਤੋਂ ਮੋਹ ਭੰਗ ਹੋ ਰਿਹਾ ਹੈ। ਦੱਖਣੀ ਭਾਰਤ ਦੀਆਂ ਫਿਲਮਾਂ ਤਕਨੀਕ ਪੱਖੋਂ ਚਾਹੇ ਸਾਡੇ ਨਾਲੋਂ ਚੰਗੀਆਂ ਹੋਣ ਪਰ ਸਾਡੇ ਤੇ ਉਨ੍ਹਾਂ ਦੇ ਸਭਿਆਚਰ ਵਿਚ ਫਰਕ ਹੋਣ ਕਾਰਨ ਅਸੀਂ ਉਨ੍ਹਾਂ ਦੀ ਸਿੱਧੀ ਨਕਲ ਨਹੀਂ ਕਰ ਸਕਦੇ ਤੇ ਨਕਲ ਚੰਗੀ ਵੀ ਨਹੀਂ ਹੁੰਦੀ। ਜਦੋਂ ਵੀ ਚੰਗੀ ਪੰਜਾਬੀ ਫਿਲਮ ਆਈ ਹੈ ਤਾਂ ਦਰਸ਼ਕਾਂ ਨੇ ਉਸ ਨੂੰ ਰੱਜਕੇ ਪਿਆਰ ਦਿੱਤਾ ਹੈ ਪਰ ਇਹ ਮੌਕਾ ਸਾਲ ਵਿਚ ਕਦੇ-ਕਦੇ ਹੀ ਆਉਂਦਾ ਹੈ। ਸੋ ਅਸਲ ਗੱਲ ਇਹ ਹੈ ਕਿ ਚੰਗੀ ਫਿਲਮ ਬਣਾਉਣ ਲਈ ਸਭ ਤੋ ਪਹਿਲਾ ਚੰਗੀ ਕਹਾਣੀ,ਪਟਕਥਾ ਤੇ ਸੰਵਾਦਾਂ ਦੀ ਲੋੜ ਹੁੰਦੀ ਹੈ। ਬਾਕੀ ਸਭ ਬਾਅਦ ਵਿਚ। ਉਨ੍ਹਾਂ ਕਿਹਾ ਕਿ ਨਾਲੇ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਲ ਵਿਚ ਸਿਰਫ 52 ਹਫਤੇ ਹੀ ਹੁੰਦੇ ਹਨ। ਕਈ ਵਾਰ ਫਿਲਮਾਂ ਦੀ ਭਰਮਾਰ ਹੀ ਚੰਗੀ ਫਿਲਮ ਨੂੰ ਖਾਅ ਜਾਂਦੀ ਹੈ।

## ਮਨੋਰੰਜ਼ਨ ਦਾ ਅਹਿਮ ਸਾਧਨ ਸਿਨੇਮਾ:ਬਲਕਾਰ ਸਿੱਧੂ



ਰੰਗਮੰਚ ਅਤੇ ਲੋਕ ਨਾਚਾਂ ਦੇ ਮਕਬੂਲ ਕਲਾਕਾਰ ਬਲਕਾਰ ਸਿੱਧੂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਫਿਲਮਾਂ ਸਿਰਫ਼ ਮਨੋਰੰਜ਼ਨ ਲਈ ਹੀ ਬਣਦੀਆਂ ਹਨ। ਸਿਨੇਮਾ ਦਾ ਮੁੱਢਲਾ ਕੰਮ ਲੋਕਾਂ ਦਾ ਮਨੋਰੰਜ਼ਨ ਕਰਨਾ ਹੈ। ਸਮੇਂ-ਸਮੇਂ ਦੇ ਨਾਲ ਫਿਲਮਾਂ ਦੇ ਸਬਜੈਕਟ ਬਦਲ ਦੇ ਰਹਿੰਦੇ ਨੇ,ਜਿਵੇਂ-ਜਿਵੇਂ ਸਮਾਂ ਬਦਲਦਾ ਹੈ ਉਸ ਤਰ੍ਹਾਂ ਹੀ ਫਿਲਮਾਂ ਦੇ ਸਬਜੈਕਟ ਵੀ ਬਦਲ ਦੇ ਹਨ। ਭਾਵੇਂ ਫਿਲਮਾਂ ਬਾਲੀਵੁੱਡ ਹੋਣ,ਪਾਲੀਵੁੱਡ ਤੇ ਹਾਲੀਵੁੱਡ ਦੀਆਂ ਹੋਣ। ਸਮੇਂ ਦੇ ਨਾਲ-ਨਾਲ ਫਿਲਮਾਂ ਦੇ ਸਬਜੈਟ ਬਦਲ ਦੇ ਰਹਿੰਦੇ ਹਨ। ਸਿਨੇਮਾ ਕਈ ਕਲਾਵਾਂ ਦਾ ਸੁਮੇਲ ਹੈ। ਸਿਨੇਮੇ 'ਚ ਵੰਨ-ਸੁਵੰਨੇ ਵਿਸ਼ੇ ਹੋਣੇ ਚਾਹੀਦੇ ਨੇ। ਸਾਨੂੰ ਹਮੇਸ਼ਾਂ ਫਿਲਮਾਂ ਨੂੰ ਦੇਖਣੀਆਂ ਚਾਹੀਦੀਆਂ ਹਨ ਕਿ ਅਸੀ ਇਹੀ ਚਾਹੁੰਦੇ ਹਾਂ ਕਿ ਢਾਈ-ਤਿੰਨ ਘੰਟੇ ਦਰਸ਼ਕ ਹਾ..ਹਾ.. ..ਹੀ..ਹੀ.. ਕਰਨ ਤੇ ਪੱਲੇ ਝਾੜ ਕੇ ਤੁਰ ਜਾਣ,ਹਾਸਾ ਠੱਠਾ ਜ਼ਿੰਦਗੀ ਦਾ ਅਟੁੱਟ ਅੰਗ ਹੈ,ਪਰ ਇਨ੍ਹਾਂ ਹਾਸਿਆ ਪਿੱਛੇ ਲੁਕੇ ਸੱਚ ਨੂੰ ਸਾਡੇ ਦਰਦ ਨੂੰ ਸਾਡੇ ਤਿਆਗਾ ਨੂੰ,ਸਾਡੀਆਂ ਕੁਰਬਾਨੀਆਂ ਨੂੰ,ਸਾਡੀ ਭਾਵੁਕਤਾ ਨੂੰ, ਸਾਡੇ ਹੱਕਾ ਲਈ ਰਾਖੀ ਕਰਨ ਦੇ ਜਜਬੇ ਨੂੰ ਤੇ ਸਾਡੇ ਕੋਮਲਤਾ ਭਰੇ ਅਹਿਸਾਸਾਂ ਦਾ ਜਿਕਰ ਕੌਣ ਕਰੂਗਾ ? ਇਹ ਵੇਲਾ ਸੋਚਣ ਤੇ ਸੰਭਾਲਣ ਦਾ ਵੀ ਹੈ, ਕਿਉਂਕਿ ਅਕਸਰ ਫਿਲਮਾਂ ਦੀ ਗਿਣਤੀ ਵਧਾਉਣ ਦੇ ਚੱਕਰ 'ਚ ਕੁਆਲਟੀ ਖਤਮ ਹੁੰਦੀ ਹੈ। ਜਿੱਥੇ ਤੱਕ ਪੰਜਾਬੀ ਫਿਲਮਾਂ ਵਿਚ ਵਿਸ਼ੇ ਦਾ ਸਵਾਲ ਹੈ ਅਕਸਰ ਪੰਜਾਬੀ ਫਿਲਮ ਦੇ ਨਿਰਮਾਣ ਲਈ ਬਾਲੀਵੁੱਡ ਵਿਚ ਬਣਦੀਆਂ ਫਿਲਮਾਂ ਦੀ ਨਕਲ ਕੀਤੀ ਜਾਂਦੀ ਹੈ,ਬਾਲੀਵੁੱਡ ਵਾਲੇ ਉਲਟਾ ਸਾਡੇ ਕਲਚਰ ਦਾ ਥੋੜਾ ਜਿਹਾ ਜਾਗ ਲਾਕੇ ਆਪਣੀਆਂ ਫਿਲਮਾਂ ਸੁਪਰ ਡੁਪਰ ਹਿੱਟ ਕਰ ਲੈਂਦੇ ਹਨ 'ਤੇ ਅਸੀ ਜਿਆਦਾ ਜਾਗ ਲਗਾਕੇ ਸਭ ਕੁਝ ਖੱਟਾ ਕਰ ਲੈਂਦੇ ਹਨ। ਜਿਸ ਦੀ ਗਵਾਹ 'ਮਾਚਿਸ',ਜਬ ਵੀ ਮੈਟ','ਭਾਗ ਮਿਲਖਾ ਭਾਗ' ਵਰਗੀਆਂ ਹਿੰਦੀ ਫਿਲਮਾਂ ਹਨ। ਪੰਜਾਬ ਕੋਲ ਸਾਹਿਤ ਦਾ ਖਜਾਨਾ ਹੈ,ਵੱਖੋਂ-ਵੱਖਰੀਆਂ ਵੰਨਗੀਆਂ ਰਾਹੀ ਏਨਾ ਸਾਹਿਤ ਰਚਿਆਂ ਪਿਆ ਹੈ। ਫਿਰ ਸਾਡੇ ਕੋਲ ਚੰਗੀਆਂ ਕਹਾਣੀਆਂ ਦੀ ਘਾਟ ਕਿਵੇ ਹੋ ਸਕਦੀ ਹੈ। ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਇਸ ਕੋਲ ਯੁੱਗ ਬਦਲਣ ਦੀ ਅਥਾਹ ਸਕਤੀ ਹੈ।




## ਪੰਜਾਬੀ ਫਿਲਮਾਂ ਬਾਰੇ ਤਾਂ ਚੁੱਪ ਹੀ ਭਲੀ ਹੈ:ਸੰਜੀਵਨ ਸਿੰਘ



ਚਾਹ ਦੀ ਚੁਸਕੀ ਲੈਣ ਤੋਂ ਬਾਅਦ,ਨਾਟਕਕਾਰ-ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਠੋਡੀ ਉੱਤੇ ਦੋਵੇਂ ਹੱਥ ਰੱਖਦੇ ਹੋਏ,'ਹੂੰ'। ਸੱਚ ਪੁੱਛਦੇ ਹੋ। ਪੰਜਾਬੀ ਫਿਲਮਾਂ ਬਾਰੇ ਤਾਂ ਚੁੱਪ ਹੀ ਭਲੀ ਹੈ। ਕਿਉਂਕਿ ਝੂਠ ਮੈਂ ਬੋਲ ਨੀਂ ਸਕਦਾ ਤੇ ਸੱਚ ਮੇਰੇ ਫਿਲਮਕਾਰ ਮਿੱਤਰਾਂ ਤੋਂ ਬਰਦਾਸ਼ਤ ਨਹੀਂ ਹੋਣਾ। ਫੇਰ ਵੀ ਜੇ ਸੱਚ ਕਹਾਂ ਤਾਂ ਪੰਜਾਬੀ ਸਿਨੇਮਾ ਮੜੀਆਂ ਦੇ ਰਾਹ ਪੈ ਗਿਆ ਹੈ। ਪੰਜਾਬੀ ਫਿਲਮਾਂ ਵਾਲੇ ਜਿਸ ਟਾਹਣੀ 'ਤੇ ਬੈਠੇ ਨੇ ਉਸੇ ਨੂੰ ਹੀ ਵੱਢੀ-ਟੁੱਕੀ ਜਾ ਰਹੇ ਹਨ। ਇਹ ਮਿੱਤਰ ਪੰਜਾਬੀ ਦਰਸ਼ਕਾਂ ਨੂੰ ਮੂਰਖ ਤੇ ਲਾਈਲੱਗ ਸਮਝਦੇ ਨੇ। ਸਾਰੀਆਂ ਪੰਜਾਬੀ ਫਿਲਮਾਂ ਨੂੰ ਇੱਕੋ ਰੱਸੇ ਨਾਲ ਬੰਨਣਾਂ ਵੀ ਵਾਜ਼ਿਬ ਨਹੀਂ ਹੋਵੇਗਾ। ਮਿਆਰੀ ਤੇ ਲੋਕ-ਮਸਲੇ ਉਭਾਰਦੀਆਂ ਫਿਲਮਾਂ ਬਣ ਵੀ ਰਹੀਆਂ ਹਨ ਤੇ ਦਰਸ਼ਕ ਪਸੰਦ ਵੀ ਕਰਦੇ ਹਨ। ਜੇ ਸਾਲ ਵਿੱਚ ਇੱਕ ਅੱਧੀ ਉੱਚਪਾਏ ਦੀ ਫਿਲਮ ਬਣ ਵੀ ਜਾਂਦੀ ਹੈ ਤਾਂ ਮੈਂ ਉਸ ਨੂੰ ਆਟੇ ਵਿਚ ਲੂਣ ਨ੍ਹੀਂ,ਲੂਣ ਵਿਚ ਆਟਾ ਕਹਾਂਗਾ। ਕਹਿੰਦੇ ਨੇ ਜੇ ਰਾਜਾ ਵਪਾਰੀ ਬਣ ਜਾਵੇ ਤਾਂ ਲੋਕ ਆਰਥਿਕ ਤੌਰ 'ਤੇ ਭਿਖਾਰੀ ਬਣ ਜਾਂਦੇ ਨੇ,ਪਰ ਜੇ ਕਲਾਕਾਰ ਵਪਾਰੀ ਬਣ ਜਾਵੇ ਤਾਂ ਲੋਕ ਮਾਨਸਿਕ ਤੇ ਜਿਸਮਾਨੀ ਤੌਰ 'ਤੇ ਭਖਾਰੀ ਬਣ ਜਾਂਦੇ ਨੇ।

## ਵਿਸ਼ੇ ਅਤੇ ਕਹਾਣੀਆਂ ਪੱਖੋਂ ਭਟਕ ਗਿਆ ਸਿਨੇਮਾ; ਹਰਜਿੰਦਰ ਸਿੰਘ ਸਾਂਈ ਸੁਕੇਤੜੀ



ਉੱਘੇ ਗੀਤਕਾਰ ਅਤੇ ਸਾਹਿਤਕਾਰ ਹਰਜਿੰਦਰ ਸਿੰਘ ਸਾਂਈ ਸੁਕੇਤੜੀ ਦਾ ਕਹਿਣਾ ਹੈ ਕਿ ਪੰਜਾਬ ਕੋਲ ਸਾਹਿਤ ਦਾ ਖ਼ਜਾਨਾ ਹੈ। ਸਾਡਾ ਪੰਜਾਬੀ ਸਾਹਿਤ ਅੱਜ ਵੀ ਅਮੀਰ ਹੈ। ਇਸ ਦੀ ਹਰੇਕ ਵੰਨਗੀ ਤੇ ਫਿਲਮ ਬਣਾਈ ਜਾ ਸਕਦੀ ਹੈ। ਸਾਡੀ ਧਰਤੀ ਸੂਰਬੀਰ ਯੋਧਿਆਂ ਦੀ ਧਰਤੀ ਹੈ। ਫੇਰ ਸਾਡੇ ਕੋਲ ਚੰਗੀਆਂ ਕਹਾਣੀਆਂ ਦੀ ਘਾਟ ਕਿਵੇਂ ਹੋ ਸਕਦੀ ਹੈ ? ਕਿਉਂਕਿ ਅਸੀਂ ਇੱਕੋਂ ਕਹਾਣੀ ਨੂੰ ਤੋਰ- ਮਰੋੜ ਕੇ ਫਿਲਮਾਂ ਬਣਾ ਰਹੇ ਹਾਂ। ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਇਤਿਹਾਸ,ਸਮਾਜਿਕ ਕਾਰਜ਼ਾਂ,ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਤੇ ਉਸਾਰੂ ਸੋਚ ਨਾਲ ਜੋੜਨ ਅਤੇ ਜਾਣੂੰ ਕਰਵਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਪੰਜਾਬੀ ਸਿਨੇਮੇ ਕੋਲ ਹਨ। ਪਰ 'ਭੂਤ ਅੰਕਲ ਤੁਸ਼ੀ ਗ੍ਰੇਟ ਹੋ','ਬੂ ਮੈਂ ਡਰਗੀ','ਜੱਟ ਨੂੰ ਚੁੜੇਲ ਟੱਕਰੀ',ਆਦਿ ਵਿਸ਼ਿਆਂ ਵਾਲੀਆਂ ਫਿਲਮਾਂ ਰਿਲੀਜ਼ ਹੋਇਆ ਹਨ। ਅਜੋਕੇ ਸਮੇਂ 'ਚ ਲੋਕੀਂ ਹਲਕੇ ਵਿਸ਼ੇ ਅਤੇ ਕਹਾਣੀਆਂ ਦੀਆਂ ਫਿਲਮਾਂ ਨੂੰ ਦੇਖ ਕੇ ਤੰਗ ਆ ਗਏ ਹਨ।

## ਵਿਸ਼ੇ ਅਤੇ ਕਹਾਣੀਆਂ ਪੱਖੋਂ ਸੁੰਘੜਿਆ ਪੰਜਾਬੀ ਸਿਨੇਮਾ:ਗਗਨਦੀਪ ਸ਼ਰਮਾ



ਪੰਜਾਬੀ ਸਾਹਿਤ ਨੂੰ ਅੰਤਾਂ ਦਾ ਮੋਹ ਕਰਨ ਵਾਲੇ ਲੇਖਕ ਅਤੇ ਪੱਤਰਕਾਰ ਗਗਨਦੀਪ ਸ਼ਰਮਾ ਨੇ ਵਿਸ਼ੇ ਅਤੇ ਕਹਾਣੀਆਂ ਪੱਖੋਂ ਸੁੰਘੜ ਦੇ ਜਾ ਰਹੇ ਪੰਜਾਬੀ ਸਿਨੇਮਾ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬੀ ਫਿਲਮਾਂ ਦੇ ਹਲਕੇ ਵਿਸ਼ਿਆਂ ਤੋਂ ਦਰਸ਼ਕ ਵਰਗ ਤੰਗ ਆ ਚੁੱਕਿਆ ਹੈ। ਜਿਸ ਕਰਕੇ ਚੰਗੀ ਫਿਲਮ ਵੀ ਇਸ ਸੋਚ ਦਾ ਸਿਕਾਰ ਹੋ ਜਾਂਦੀ ਹੈ। ਪੰਜਾਬੀ ਫਿਲਮ ਇੰਡਸਟਰੀ ਹਾਲੇ ਤੱਕ ਪੰਜਾਬ ਨੂੰ ਦਰਸਾਉਣ ਵਾਲੀਆਂ ਫਿਲਮਾਂ ਤੋਂ ਕੋਹਾਂ ਦੂਰ ਜਾਪਦੀ ਹੈ। ਪੰਜਾਬੀ ਫਿਲਮ ਇੰਡਸਟਰੀ ਨੇ ਭਾਵੇਂ ਬਹੁਤ ਜਿਆਦਾ ਤਰੱਕੀ ਕਰ ਲਈ ਹੋਵੇ ਅਤੇ 100 ਕਰੋੜ ਦੇ ਕਲੱਬ ਵਾਲੀਆਂ ਫਿਲਮਾਂ ਵੀ ਬਣਾ ਲਈਆਂ ਹੋਣ ਪਰ ਪੰਜਾਬੀ ਸਿਨੇਮਾ ਅਜੇ ਤੱਕ ਪੰਜਾਬ ਦੇ ਇਤਿਹਾਸ ਅਤੇ ਭਾਰਤ-ਪਾਕਿਸਤਾਨ ਵੰਡ ਬਾਰੇ ਕੋਈ ਵੀ ਫਿਲਮ ਨਹੀਂ ਬਣਾ ਸਕੇ। ਪੰਜਾਬੀ ਫਿਲਮ ਇੰਡਸਟਰੀ 'ਚ ਪਿਛਲੇ ਕੁਝ ਸਮੇਂ ਤੋਂ ਫਿਲਮਾਂ ਨਾ ਚੱਲਣ ਦਾ ਮੁੱਖ ਕਾਰਨ ਆਨ-ਲਾਇਨ ਪਲੇਟਫਾਰਮ 'ਤੇ ਚੱਲ ਰਹੀਆਂ ਵੈਬ ਸੀਰੀਜ਼ਾਂ ਹਨ। ਸੂਬੇ ਦੇ ਖਿੱਤੇ, ਨਾਇਕਾਂ, ਯੋਧਿਆਂ, ਗਾਇਕਾਂ ਅਤੇ ਹੋਰ ਮਸ਼ਹੂਰ ਹਸਤੀਆਂ ਬਾਰੇ ਫਿਲਮਾਂ ਬਾਲੀਵੁੱਡ ਵੱਲੋਂ ਬਣਾਈਆਂ ਜਾ ਰਹੀਆਂ ਹਨ ਹੁਣ ਸਵਾਲ ਇਹ ਉਠਦਾ ਹੈ ਕਿ ਕੀ ਪੰਜਾਬੀ ਇੰਡਸਟਰੀ ਕੋਲ ਕੋਈ ਚੰਗਾ ਲੇਖਕ ਨਹੀਂ ਹੈ, ਕੀ ਕਿਤਾਬਾਂ ਵਿਚੋਂ ਕਹਾਣੀਆਂ ਪੜ੍ਹ ਕੇ ਹੀ ਪੰਜਾਬੀ ਫਿਲਮਾਂ ਬਣਨਗੀਆਂ ਜਾਂ ਫਿਰ ਹਾਸ-ਰਸ ਫਿਲਮਾਂ ਬਣਾ ਕੇ ਹੀ ਪੰਜਾਬੀ ਸਿਨੇਮਾ ਸੰਤੁਸਟ ਹੈ।















# ਈਗਲਜ਼ ਕਬੱਡੀ ਕਲੱਬ ਫੈਡਰੇਸ਼ਨ ਅਲਬਰਟਾ ਦੇ ਕਬੱਡੀ ਕੱਪ ਨੇ ਕੈਲਗਰੀ 'ਚ ਪਾਈ ਧਮਾਲ

## ➤ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੇ ਜਿੱਤਿਆ ਖਿਤਾਬ ➤ ਸੰਦੀਪ ਲੁੱਧਰ ਤੇ ਸੱਤੂ ਖਡੂਰ ਸਾਹਿਬ ਬਣੇ ਸਰਵੋਤਮ ਖਿਡਾਰੀ




ਸ਼ੈਡੋ ਮੰਤਰੀ ਲੌਰਨ ਬੈਚ ਤੇ ਐਮ.ਐਲ.ਏ. ਪਰਮੀਤ ਬੋਪਾਰਾਏ ਨੂੰ ਸਨਮਾਨਿਤ ਕਰਦੇ ਹੋਏ ਪੰਮਾ ਸ਼ੇਖਦੌਲਤ, ਪੰਮਾ ਰਣਸੀਂਹ ਤੇ ਸਾਥੀ।



ਖੇਡ ਪ੍ਰਮੋਟਰ ਪਾਲੀ ਵਿਰਕ ਦਾ ਸਨਮਾਨ ਕਰਦੇ ਹੋਏ ਪੰਮਾ ਸ਼ੇਖਦੌਲਤ, ਪੰਮਾ ਰਣਸੀਂਹ ਤੇ ਸਾਥੀ।



ਸਰਵੋਤਮ ਜਾਫੀ ਸੱਤੂ ਖਡੂਰ ਸਾਹਿਬ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ ਪੰਮਾ ਸ਼ੇਖਦੌਲਤ, ਪੰਮਾ ਰਣਸੀਂਹ ਤੇ ਸਾਥੀ।





ਸਰਵੋਤਮ ਧਾਵੀ ਸੰਦੀਪ ਲੁੱਧਰ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ ਪੰਮਾ ਸ਼ੇਖਦੌਲਤ, ਪੰਮਾ ਰਣਸੀਂਹ ਤੇ ਸਾਥੀ।

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਈਗਲਜ਼ ਕਬੱਡੀ ਕਲੱਬ ਫੈਡਰੇਸ਼ਨ ਅਲਬਰਟਾ ਵੱਲੋਂ ਯੂਨਾਈਟਡ ਕਬੱਡੀ ਫੈਡਰੇਸ਼ਨ ਸੁਸਾਇਟੀ ਆਫ ਵੈਨਕੂਵਰ ਦੇ ਝੰਡੇ ਹੇਠ ਪੰਮਾ ਸ਼ੇਖ ਦੌਲਤ ਤੇ ਪੰਮਾ ਰਣਸੀਂਹ ਹੋਰਾਂ ਦੀ ਨੌਜਵਾਨ ਟੀਮ ਵੱਲੋਂ ਚੌਥਾ ਸ਼ਾਨਦਾਰ ਕਬੱਡੀ ਕੱਪ ਕੈਲਗਰੀ ਵਿਖੇ ਕਰਵਾਇਆ ਗਿਆ। ਇਹ ਕੱਪ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਅਤੇ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਵੈਨਕੂਵਰ ਦੀ ਟੀਮ ਉਪ ਜੇਤੂ ਰਹੀ। ਸੰਦੀਪ ਲੁੱਧਰ ਤੇ ਸੱਤੂ ਖਡੂਰ ਸਾਹਿਬ ਨੇ ਕਰਮਵਾਰ ਸਰਵੋਤਮ ਧਾਵੀ ਤੇ ਜਾਫੀ ਬਣਨ ਦਾ ਮਾਣ ਪ੍ਰਾਪਤ ਕੀਤਾ। ਹਜ਼ਾਰਾਂ ਦਰਸ਼ਕਾਂ ਦੇ ਇਕੱਠ ਵਾਲੇ ਇਸ ਕੱਪ ਦੌਰਾਨ ਐਮ.ਪੀ. ਜਸਰਾਜ ਹੱਲਣ, ਸ਼ੈਡੋ ਮੰਤਰੀ ਲੌਰਨ ਬੈਚ, ਐਮ.ਐਲ.ਏ. ਪਰਮੀਤ ਬੋਪਾਰਾਏ ਅਤੇ ਕਬੱਡੀ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖਸ਼ੀਅਤਾਂ ਪੁੱਜੀਆਂ।

ਪ੍ਰਬੰਧਕੀ ਟੀਮ:- ਇਸ ਕੱਪ ਦਾ ਸੰਚਾਲਨ ਮੇਜ਼ਬਾਨ ਕਲੱਬ ਵੱਲੋਂ ਪੰਮਾ ਸ਼ੇਖਦੌਲਤ, ਪੰਮਾ ਰਣਸੀਂਹ, ਲੱਕੀ ਕਪੂਰੇ, ਰਾਮ ਸਿੱਧੂ ਘੋਲੀਆ, ਗੁਰਿੰਦਰ ਰਾਣਾ, ਸਤਨਾਮ ਕਲਿਆਣ, ਪਾਲੀ ਵਿਰਕ, ਬਲਵਿੰਦਰ ਰਣਸੀਂਹ, ਸੋਨੀ ਸਵੱਦੀ, ਸ਼ੋਫੀ, ਮਨਦੀਪ ਸੂਮਲ ਤੇ ਜਯੋਤੀ ਅਟਵਾਲ ਹੋਰਾਂ ਦੀ ਟੀਮ ਨੇ ਕੀਤਾ।

ਮੁਕਾਬਲੇਬਾਜੀ:- ਇਸ ਕੱਪ 'ਚ ਛੇ ਕਲੱਬਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਪਹਿਲੇ ਮੈਚ 'ਚ ਰਾਜਵੀਰ ਰਾਜੂ-ਸ਼ਹੀਦ ਭਗਤ ਸਿੰਘ ਕਲੱਬ ਨੇ ਸ਼ੇਰੇ ਪੰਜਾਬ ਕਬੱਡੀ ਕਲੱਬ ਨੂੰ 35-29.5 ਨਾਲ, ਦੂਸਰੇ ਮੈਚ 'ਚ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਵੈਨਕੂਵਰ ਨੇ ਰਿਚਮੰਡ ਕਬੱਡੀ ਕਲੱਬ ਨੂੰ ਅੱਧੇ (32.5-32) ਅੰਕ ਨਾਲ, ਤੀਸਰੇ ਮੈਚ 'ਚ ਸਰੀ ਸੁਪਰ ਸਟਾਰਜ਼ ਕਾਮਾਗਾਟਾ ਮਾਰੂ ਕਲੱਬ ਨੇ ਸ਼ੇਰੇ ਪੰਜਾਬ ਕਲੱਬ ਨੂੰ 29.5-15 ਅੰਕਾਂ ਨਾਲ, ਚੌਥੇ ਮੈਚ 'ਚ ਸ. ਹਰੀ ਸਿੰਘ ਨਲੂਆ ਮਾਲਵਾ ਕਲੱਬ ਨੇ ਰਿਚਮੰਡ ਕਲੱਬ ਨੂੰ 36.5-28 ਅੰਕਾਂ ਨਾਲ ਹਰਾਕੇ ਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਪਹਿਲੇ ਸੈਮੀਫਾਈਨਲ 'ਚ ਸੰਦੀਪ ਨੰਗਲ ਅੰਬੀਆਂ ਕਲੱਬ ਵੈਨਕੂਵਰ ਨੇ ਸਰੀ ਸੁਪਰ ਸਟਾਰਜ਼ ਕਲੱਬ ਦੀ ਟੀਮ ਨੂੰ 35.5-31 ਅੰਕਾਂ ਨਾਲ ਹਰਾਇਆ। ਦੂਸਰੇ ਸੈਮੀਫਾਈਨਲ 'ਚ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੇ ਸ.ਹਰੀ ਸਿੰਘ ਨਲੂਆ ਮਾਲਵਾ ਕਲੱਬ ਨੂੰ 35.5-20 ਅੰਕਾਂ ਨਾਲ ਹਰਾਕੇ ਫਾਈਨਲ 'ਚ ਥਾਂ ਬਣਾਈ। ਰੋਚਕ ਫਾਈਨਲ ਮੁਕਾਬਲੇ 'ਚ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੇ ਸੰਦੀਪ ਨੰਗਲ ਅੰਬੀਆਂ ਕਲੱਬ ਵੈਨਕੂਵਰ ਨੂੰ 38.5-33 ਅੰਕਾਂ ਨਾਲ ਹਰਾਕੇ, ਖਿਤਾਬ ਜਿੱਤਿਆ।



ਟੂਰਨਾਮੈਂਟ ਪ੍ਰਬੰਧਕ ਪੰਮਾ ਸ਼ੇਖ ਦੌਲਤ, ਪੰਮਾ ਰਣਸੀਂਹ ਤੇ ਸਾਥੀ ਕੱਪ ਜੇਤੂ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਦੀ ਟੀਮ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ।

ਸਰਵੋਤਮ ਖਿਡਾਰੀ:- ਇਸ ਕੱਪ ਦੌਰਾਨ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਦੇ ਖਿਡਾਰੀ ਸੱਤੂ ਖਡੂਰ ਸਾਹਿਬ ਨੇ 8 ਕੋਸ਼ਿਸ਼ਾਂ ਤੋਂ 5 ਅੰਕ ਹਾਸਲ ਕਰਕੇ, ਸਰਵੋਤਮ ਜਾਫੀ ਦਾ ਖਿਤਾਬ ਜਿੱਤਿਆ। ਸੰਦੀਪ ਨੰਗਲ ਅੰਬੀਆਂ ਕਲੱਬ ਵੈਨਕੂਵਰ ਦੇ ਧਾਵੀ ਸੰਦੀਪ ਲੁੱਧਰ ਦਿੜਬਾ ਨੇ 11 ਅਜੇਤੂ ਧਾਵੇ ਬੋਲ ਕੇ ਸਰਵੋਤਮ ਧਾਵੀ ਦਾ ਖਿਤਾਬ ਜਿੱਤਿਆ।

ਸਨਮਾਨ:- ਇਸ ਕੱਪ ਦੌਰਾਨ ਨਾਮਵਰ ਕਬੱਡੀ ਖਿਡਾਰੀ ਫੌਜੀ ਕੁਰੜ ਛਾਪਾ ਤੇ ਖੇਡ ਪ੍ਰਮੋਟਰ ਪਾਲੀ ਵਿਰਕ ਨੂੰ ਸੋਨ ਤਮਗੇ ਨਾਲ, ਗੀਚਾ, ਸਵਰਨਾ ਵੈਲੀ, ਬਲਜਿੰਦਰ ਭਿੰਡਰ, ਕਾਲੂ ਰਸੂਲਪੁਰ, ਚਮਕੌਰ ਬੱਸੀਆਂ, ਰਾਮਪਾ ਹਰਜ, ਕੱਦੂ ਰਸੂਲਪੁਰ, ਸੋਨੀ ਸਵੱਦੀ ਤੇ ਸ਼ੀਰਾ ਮੱਲੀਆਂ, ਦਸ਼ਮੇਸ਼ ਕਲਚਰ ਗੁਰੂ ਘਰ ਦੀ ਕਮੇਟੀ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਖੇਡ ਲੇਖਕ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਦੱਸਿਆ ਕਿ ਰੱਸਾਕਸੀ ਮੁਕਾਬਲਿਆਂ 'ਚੋਂ ਸ਼ਹੀਦ ਭਗਤ ਸਿੰਘ ਕਲੱਬ ਨੇ ਪਹਿਲਾ ਤੇ ਬਿਜਲੀ ਨੰਗਲ ਦੀ ਨੌਜਵਾਨ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਅੰਪਾਇਰਿੰਗ ਦੀ ਜਿੰਮੇਵਾਰੀ ਬੋਲਾ ਬਲੇਰ ਖਾਨ, ਅਮਰਜੀਤ ਸੋਢੀ, ਮੱਖਣ ਸਿੰਘ, ਸਵਰਨਾ ਵੈਲੀ ਤੇ ਗੋਰਾ ਸਿੱਧਵਾਂ ਨੇ ਨਿਭਾਈ। ਇਸ ਮੌਕੇ ਯੂਨਾਈਟਡ ਕਬੱਡੀ ਫੈਡਰੇਸ਼ਨ ਸੁਸਾਇਟੀ ਆਫ ਵੈਨਕੂਵਰ ਦੇ ਪ੍ਰਧਾਨ ਮਨਜੀਤ ਬਾਸੀ, ਗਿਆਨ ਵਿਨਿੰਗ, ਜਵਾਹਰਾ ਕਾਲਾ ਸੰਘਿਆਂ, ਹਰਪ੍ਰੀਤ ਸਿਵੀਆ, ਸਾਬੀ ਤੱਖਰ, ਜੋਤੀ ਸਮਰਾ ਆਦਿ ਪੁੱਜੇ। ਐਵੀ ਐਂਟਰਟੇਨਮੈਂਟ ਦੀ ਟੀਮ ਨੇ ਮਲਵਈ ਗਿੱਧਾ ਪਾਇਆ। ਦਸ਼ਮੇਸ਼ ਕਲਚਰ ਗੁਰੂ ਘਰ ਵੱਲੋਂ ਲੰਗਰ ਲਗਾਇਆ ਗਿਆ। ਕੱਪ ਦੌਰਾਨ ਮੰਚ ਸੰਚਾਲਕ ਜਤਿੰਦਰ ਸਹੇੜੀ, ਕੁਮੈਂਟੇਟਰ ਅਮਨ ਲੋਪੋ ਤੇ ਪ੍ਰਿਤਾ ਸ਼ੇਰਗੜ੍ਹ ਨੇ ਰੰਗ ਬੰਨਿਆ। ਕੱਪ ਦੇ ਮੈਚਾਂ ਦਾ ਸਮੁੱਚਾ ਲੇਖਾ ਜੋਖਾ ਅੰਕੜਾਕਾਰ ਜਸਵੰਤ ਖੜਗ ਨੇ ਇਕੱਤਰ ਕੀਤਾ।

ਸਹਿਯੋਗੀ:- ਟੂਰਨਾਮੈਂਟ ਦੀ ਸਫਲਤਾ ਲਈ ਗੋਲਡ ਸਪਾਂਸਰ ਮਨਦੀਪ ਸੂਮਲ ਪੀ ਈ ਕੰਪਰਟ ਹੋਮ, ਗੋਲਡੀ ਜੰਮੂ ਟੌਪ ਟਰੱਕ ਸੇਲ, ਸੁੱਖ ਜੌਹਲ ਅਪਾਰ ਹੋਮਜ਼, ਰੰਮੀ ਧਾਲੀਵਾਲ, ਜੀਤੀ ਧਾਲੀਵਾਲ ਡਿਵਾਈਸ ਡਰਾਈਵਿੰਗ ਸਕੂਲ, ਬੌਬੀ ਬਰਾੜ, ਨਿਰਭੈ ਜੌਹਲ, ਭਜਨ ਜੌਹਲ, ਗੁਰਪ੍ਰੀਤ, ਸਕਾਈ ਵੀਜ਼ਨ ਪਲੰਬਰ, ਲੱਕੀ ਐਕਸਟੀਰੀਅਰ, ਸਿੱਧੂ ਸੈਟਿੰਗ, ਫਰੈਂਡਜ਼ ਸਟੱਕੋ, ਜੇ ਐਂਡ ਟੀ ਸੈਡਿੰਗ, ਹਰਪ੍ਰੀਤ ਅੱਛਰਵਾਲ, ਪ੍ਰੀਤ ਹੋਮਜ਼, ਜਗਮੋਹਨ ਧਾਲੀਵਾਲ, ਬਿੱਲਾ ਮਨਸੂਰਵਾਲ ਬੇਟ, ਅਮਰਜੀਤ ਸੁਕੇਅਰ, ਬਿੰਦਰ ਦਾ ਮੌਲਡਿੰਗ ਸਟੋਰ, ਜਗਦੀਪ ਸਿੱਧੂ ਸਾਂਝਾ ਪੰਜਾਬ ਗਰੌਸਰੀ ਸਟੋਰ, ਸਿਲਵਰ ਸਪਾਂਸਰ ਦੀਪ ਪੁੰਜ ਅਤੇ ਪਰਮਿੰਦਰ ਧਾਲੀਵਾਲ ਗਰੇਸ ਸਟੱਕੋ, ਹਰਪ੍ਰੀਤ ਬਰਾੜ, ਜਗਜੀਤ ਧਾਲੀਵਾਲ, ਹਰਮਨ ਬਾਠ, ਗੁਰਭੇਜ ਸਿੰਘ ਧਾਲੀਵਾਲ, ਸੰਦੀਪ ਬਰਾੜ, ਕੁਲਵੀਰ ਬਰਾੜ, ਖੁਸ਼ ਸਿੱਧੂ, ਰਣਜੀਤ ਗਿੱਲ, ਹਰਭਿੰਦਰ ਸਿੱਧੂ ਪੰਜਾਬ ਇੰਸੋਰੈਂਸ, ਜਰਨੈਲ ਧਾਂਦਰਾ, ਨਵੀ ਪ੍ਰਮਾਰ, ਹੈਪੀ ਮਾਨ, ਰੌਬਿਨ, ਜਸਵਿੰਦਰ ਬਰਾੜ, ਅਮਰਜੀਤ ਘੋਲੀਆ, ਕਰਮਪਾਲ ਸਿੱਧੂ ਤੇ ਰਾਜਪਾਲ ਸਿੱਧੂ ਬੀਕਾਨੇਰ ਫੂਡਜ਼, ਇਕਬਾਲ ਮੁਸਾਫਿਰ, ਜਗਰੂਪ ਸੰਧੂ, ਰਣਜੋਤ ਦਿਓਲ, ਗੁਰਜੋਤ ਅਤੇ ਗੁਰਲਾਲ ਡਰਾਈਵਾਲ, ਬਰੱਸ਼ ਬਾਰ ਪੇਟਿੰਗ ਲਿਮਟਿਡ, ਬੰਟੀ ਫਰੇਮਰ, ਗੁਰਮੁਖ ਬਹੋਣਾ, ਸੁੱਖਾ ਬਰਾੜ, ਗੁਰਪ੍ਰੀਤ ਸੰਧੂ, ਨੀਲਾ ਰੁੱਖਾ, ਹਰਵਿੰਦਰ ਗੁਰਾਇਆ, ਪ੍ਰੀਤ ਖਹਿਰਾ ਜੀ ਆਰ ਐਚ ਟਰਾਂਸਪੋਰਟ ਸਰਵਿਸ ਲਿਮਟਿਡ, ਮਨਦੀਪ ਢਿੱਲੋਂ ਸੰਨੀ ਰੂਫਰ, ਸਿਮਰਾ ਕੋਹਾਰ ਸਿੰਘ ਵਾਲਾ, ਚੱਠਾ ਟਰੱਕਿੰਗ, ਅਮਨ ਕਾਲੇਕਾ, ਅਵਤਾਰ ਸਿੰਘ ਤੂਰ, ਜੱਗਾ, ਕਾਕਾ ਲੋਪੋਂ, ਸੁੱਖੀ, ਰਣਬੀਰ ਸਿੰਘ ਪਰਮਾਰ, ਪ੍ਰੇਮ ਸੰਧੂ, ਚਰਨਜੀਤ ਸਿੰਘ ਧਾਲੀਵਾਲ, ਰਿੱਕੀ ਗਰੇਵਾਲ, ਰਿੰਕਾ, ਗੋਗਾ ਅਲੀ, ਜਗਦੀਪ ਸਿੰਘ, ਮਨਦੀਪ ਪੱਡਾ, ਬੱਬੂ ਪੱਡਾ, ਗੁਰਪ੍ਰੀਤ ਥਿੰਦ, ਇੰਦਰ ਗਰੇਵਾਲ, ਸੰਦੀਪ ਥਿੰਦ, ਲਾਡੀ ਸਿੱਧੂ ਸਟਾਈਲਿਸ਼ ਡੋਰ, ਲੱਕੀ ਸਿੰਘ ਸਟਾਈਲਿਸ਼ ਡੋਰ, ਤਲਵਿੰਦਰ ਪਰਮਾਰ, ਗੁਰਮੀਤ ਗਿੱਲ, ਸ਼ਰਨ ਬਰਾੜ, ਜਸਵੀਰ ਬਰਾੜ ਏਵਨ ਕੰਕਰੀਟ, ਲੱਕੀ ਸਿੱਧੂ ਤੇ ਲਾਡੀ ਸਿੱਧੂ ਸਟਾਈਲ ਡੋਰ, ਡੀ ਐਂਡ ਜੀ ਸੇਖੋਂ ਡਰਾਈਵਾਲ, ਭਿੰਡਰ ਐਕਸਟੀਰੀਅਰ, ਸਮੋਸਾ ਹਾਊਸ, ਇੰਡੀਅਨ ਸਵੀਟਸ, ਜਸਕਰਨ ਬਰਾੜ ਤੇ ਰਮਨ ਧਾਲੀਵਾਲ ਨੇ ਭਰਵਾਂ ਸਹਿਯੋਗ ਦਿੱਤਾ।

## ਹਨ੍ਹੇਰਾ ਨਾ ਸਮਝੇ ਕਿ ਚਾਨਣ ਡਰ ਗਿਆ ਹੈ

# 13ਵਾਂ ਸਾਲਾਨਾ ਸੋਹਣ ਮਾਨ ਯਾਦਗਾਰੀ ਨਾਟਕ ਮੇਲਾ ਯਾਦਗਾਰੀ ਹੋ ਨਿੱਬੜਿਆ





ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 13ਵਾਂ ਸਾਲਾਨਾ ਸੋਹਣ ਮਾਨ ਯਾਦਗਾਰੀ ਨਾਟਕ ਮੇਲਾ ਕਰਵਾਇਆ ਗਿਆ।ਮੇਲੇ ਦੀ ਸ਼ੁਰੂਆਤ ਪੰਜਾਬੀ ਮਾਂ ਬੋਲੀ ਦੇ ਅਜ਼ੀਮ ਸ਼ਾਇਰ ਧਰਤੀ ਦੇ ਪੁੱਤ 'ਸੁਰਜੀਤ ਪਾਤਰ' ਜੀ ਨੂੰ ਸ਼ਰਧਾਂਜਲੀ ਅਰਪਿਤ ਕਰਕੇ ਕੀਤੀ ਗਈ। ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਨੇ ਸੁਰਜੀਤ ਪਾਤਰ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸੁਰਜੀਤ ਪਾਤਰ ਦੀ ਸਮੁੱਚੀ ਕਵਿਤਾ ਮਨੁੱਖੀ ਵੇਦਨਾ-ਸੰਵੇਦਨਾ ਦੀ ਕਵਿਤਾ ਹੈ। ਹਨ੍ਹੇਰਿਆਂ ਨੂੰ ਚੀਰ ਕੇ ਮਨੁੱਖੀ ਸੰਜ਼ੀਦਗੀ ਨੂੰ ਰੌਸ਼ਨ ਕਰਨ ਦੀ ਗੱਲ ਕਰਨ ਵਾਲੀ ਹੈ।ਇਸ ਉਪਰੰਤ ਪਹਿਲੀ ਕੋਰੀਓਗ੍ਰਾਫੀ ਦੁੱਖ ਪੰਜਾਬ ਦਾ ਪੇਸ਼ ਕੀਤੀ ਗਈ।ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਆਏ ਦਰਸ਼ਕਾਂ ਨੂੰ ਜੀ ਆਇਆਂ ਨੂੰ ਆਖਦਿਆਂ ਦੱਸਿਆ ਕਿ ਕਿਵੇਂ ਕਾਰਪੋਰੇਟ ਜਗਤ ਦੁਨੀਆਂ ਭਰ ਵਿੱਚ ਕਿਰਤੀਆਂ ਦਾ ਕਚੂੰਬਰ ਕੱਢ ਰਿਹਾ ਹੈ।ਇਸ ਤੋਂ ਉਪਰੰਤ ਕੈਲਗਰੀ ਦੇ ਜੰਮਪਲ ਬੱਚਿਆਂ ਨੇ ਇੱਕ ਸਕਿੱਟ ਖੇਡ ਖੇਡ ਵਿੱਚ ਕਮਲਪ੍ਰੀਤ ਪੰਧੇਰ ਦੀ ਨਿਰਦੇਸ਼ਨਏ ਹੇਠ ਪੇਸ਼ ਕੀਤਾ। ਬੱਚਿਆਂ ਦੀ ਇਹ ਪੇਸ਼ਕਾਰੀ ਵੱਡਿਆਂ ਨੂੰ ਸਮਝਾ ਗਈ ਕਿ ਦੇਖਿਓ ਕਿਤੇ ਡਾਲਰਾਂ ਦੀ ਦੌੜ ਵਿੱਚ ਫਸ ਕੇ ਬੱਚਿਆਂ ਰੂਪੀ ਫੁੱਲਾਂ ਨੂੰ ਮੁਰਝਾ ਨਾ ਦਿਉ।

ਇਸਦੇ ਨਾਲ ਹੀ ਅਗਲਾ ਨਾਟਕ ਗੁਰਦਿਆਲ ਸਿੰਘ ਫੁੱਲ ਜੀ ਦੀ ਰਚਨਾ ਇਹ ਲਹੂ ਕਿਸਦਾ ਹੈ ਪੇਸ਼ ਕੀਤਾ ਗਿਆ। ਭੰਡਾਂ ਦੀ ਜੋੜੀ ਦੇ ਰੂਪ ਵਿੱਚ ਉੱਘੇ ਰੇਡੀਓ ਹੋਸਟ ਰਿਸ਼ੀ ਨਾਗਰ ਅਤੇ ਕਮਲਪ੍ਰੀਤ ਪੰਧੇਰ ਦੀ ਜੁਗਲਬੰਦੀ ਨੇ ਲੋਕਾਂ ਨੂੰ ਹਸਾ ਹਸਾ ਕੇ ਲੋਟ-ਪੋਟ ਕਰ ਦਿੱਤਾ। ਅੰਤ ਵਿੱਚ ਇਹ ਨਾਟਕ ਕਿਰਤ ਦੀ ਸਰਦਾਰੀ ਦਾ ਸੰਦੇਸ਼ ਦੇਣ ਵਿੱਚ ਸਫਲ ਰਿਹਾ। ਇਹ ਵੀ ਦੱਸਣ ਵਿੱਚ ਕਾਮਯਾਬ ਰਿਹਾ ਕਿ ਗੁਰੂ ਨਾਨਕ ਦੇਵ ਜੀ ਭਾਈ ਲਾਲੋਆਂ ਨਾਲ ਖੜ੍ਹੇ ਹਨ।ਇਸ ਉਪਰੰਤ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ ਪਹਿਲੀ ਕਿਤਾਬ ਕਾਲੇ ਲਿਖ ਨਾ ਲੇਖ ਕਾਵਿ ਸੰਗ੍ਰਹਿ ਜਸਵੰਤ ਸਿੰਘ ਜਗੈਤ ਜੀ ਦੀ ਰਚਨਾ ਰਿਲੀਜ਼ ਕੀਤੀ ਗਈ ਅਤੇ ਦੂਸਰੀ ਕਿਤਾਬ ਗਦਰ ਲਹਿਰ ਦੇ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਦੀ ਸੰਘਰਸ਼ ਭਰੀ ਜਿੰਦਗੀ 'ਤੇ




ਅਧਾਰਿਤ ਦਾਸਤਾਨ ਏ ਗਦਰ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਬਾਰੇ ਸੀ, ਜੋ ਲੇਖਕ ਬਲਬੀਰ ਸਿੰਘ ਲੌਂਗੋਵਾਲ ਵੱਲੋਂ ਲਿਖੀ ਗਈ ਹੈ। ਇਨ੍ਹਾਂ ਕਿਤਾਬਾਂ ਨੂੰ ਮਾਸਟਰ ਭਜਨ ਸਿੰਘ, ਹਰਚਰਨ ਸਿੰਘ ਪ੍ਰਹਾਰ, ਰਿਸ਼ੀ ਨਾਗਰ, ਕਮਲਪ੍ਰੀਤ ਪੰਧੇਰ, ਗੁਰਸ਼ਰਨ ਢੁੱਡੀਕੇ, ਜਗਮੀਤ ਪੰਧੇਰ, ਗੁਰਨਾਮ ਮਾਨ, ਹਰਕੇਸ਼ ਚੌਧਰੀ ਨੇ ਰਿਲੀਜ਼ ਕੀਤਾ।ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਬਾਨੀ ਪ੍ਰਧਾਨ ਸੋਹਣ ਮਾਨ ਜੀ ਨੂੰ ਸੰਸਥਾ ਵੱਲੋਂ ਬਾਕਾਇਦਾ ਰੂਪ ਵਿੱਚ ਸ਼ਰਧਾਂਜਲੀ ਭੇਂਟ ਕੀਤੀ ਗਈ। ਮੰਚ 'ਤੇ ਸੋਹਣ ਮਾਨ ਜੀ ਦੀ ਫੋਟੋ 'ਤੇ ਫੁੱਲ ਅਰਪਿਤ ਕੀਤੇ। ਇਸ ਮੌਕੇ 'ਤੇ ਜਸਵਿੰਦਰ ਕੌਰ ਮਾਨ ਪ੍ਰਧਾਨ, ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਹਰਚਰਨ ਸਿੰਘ ਪ੍ਰਹਾਰ, ਰਿਸ਼ੀ ਨਾਗਰ, ਕਮਲ ਸਿੱਧੂ, ਨਵਕਿਰਨ ਢੁੱਡੀਕੇ, ਬਨਦੀਪ ਗਿੱਲ, ਹਰੀਪਾਲ, ਗੋਪਾਲ ਕਾਉਂਕੇ ਨੇ ਸ਼ਰਧਾਂਜਲੀ ਭੇਂਟ ਕੀਤੀ।

ਇਸ ਉਪਰੰਤ ਹਰਪ੍ਰੀਤ ਕੌਰ ਅਤੇ ਸਲੋਨੀ ਗੌਤਮ ਨੇ ਆਪਣੀ ਕਵਿਤਾ ਪੇਸ਼ ਕੀਤੀ। ਕਵਿਤਾ ਵਿੱਚ ਬਹੁਤ ਸੰਵੇਦਨਸ਼ੀਲਤਾ ਨਾਲ ਗੱਲ ਕੀਤੀ ਗਈ। ਸਮਾਗਮ ਦੀ ਅਗਲੀ ਪੇਸ਼ਕਾਰੀ ਨਾਟਕ ਅੱਲ੍ਹੜ ਉਮਰਾਂ ਘੁੱਪ ਹਨੇਰੇ ਦੀ ਸੀ। ਨਾਟਕ ਨੇ ਦਰਸ਼ਕਾਂ ਨੂੰ ਜਿੱਥੇ ਹਸਾਇਆ, ਉੱਥੇ ਅੱਲ੍ਹੜ ਉਮਰਾਂ ਵਿੱਚ ਜਵਾਨ ਪੁੱਤਾਂ ਨੂੰ ਲੱਗੇ ਨਸ਼ੇ ਦੇ ਰੋਗ ਨਾਲ ਮੌਤ ਦੇ ਮੂੰਹ ਵਿੱਚ ਜਾਣ ਦੀ ਦਰਦਨਾਕ ਕਹਾਣੀ ਨੂੰ ਬਿਆਨ ਕੀਤਾ ਗਿਆ। ਹਰ ਦਰਸ਼ਕ ਦੀ ਅੱਖ ਨਮ ਸੀ।ਇਸ ਸਥਿਤੀ ਵਿੱਚੋਂ ਨਿਕਲਣ ਲਈ ਹਰ ਇੱਕ ਨੂੰ ਯੋਗਦਾਨ ਪਾਉਣਾ ਪੈਣਾ ਹੈ।ਧੀਆਂ 'ਤੇ ਹੋਰ ਬੋਝ ਲੱਦਣ ਨਾਲ ਸਥਿਤੀ ਨਹੀਂ ਬਦਲਣੀ। ਨਾਟਕ ਦਾ ਲੇਖਕ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਆਪਣੀ ਗੱਲ ਕਹਿਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਇਸ ਮੌਕੇ 'ਤੇ ਹਰਕੇਸ਼ ਚੌਧਰੀ ਦਾ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵੱਲੋਂ ਉਨ੍ਹਾਂ ਦੇ ਯੋਗਦਾਨ ਲਈ ਸਾਰੇ ਕਲਾਕਾਰਾਂ ਵੱਲੋਂ ਸਨਮਾਨ ਕੀਤਾ ਗਿਆ। ਅੰਤ ਵਿੱਚ ਉੱਘੇ ਰੇਡੀਓ ਹੋਸਟ ਰਿਸ਼ੀ ਨਾਗਰ ਜੀ ਨੇ ਆਪਣੇ ਵਿੱਚਾਰ ਪੇਸ਼ ਕੀਤੇ।

ਮਾਸਟਰ ਭਜਨ ਜੀ ਨੇ ਆਏ ਹੋਏ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਦੋ ਮਤੇ ਪੇਸ਼ ਕੀਤੇ। ਪਹਿਲਾ ਮਤਾ ਅੱਜ ਦਾ ਇਹ ਇਕੱਠ ਪੱਛਮੀ ਸਾਮਰਾਜੀ ਦੇਸ਼ਾਂ ਦੀ ਮਿਲੀ ਭੁਗਤ ਅਤੇ ਫੌਜੀ ਵਿੱਤੀ ਮੱਦਦ ਨਾਲ ਪਿਛਲੇ ਅੱਠ ਮਹੀਨੇ ਤੋਂ ਗਾਜਾ ਪੱਟੀ ਵਿੱਚ 37000 ਤੋਂ ਵੱਧ ਫਲਸਤੀਨੀ ਲੋਕਾਂ ਦੀ ਕਰੂਰ ਨਸਲਕੁਸ਼ੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਫਲਸਤੀਨੀ ਸਰਜਮੀਨ ਤੋਂ ਨਜਾਇਜ ਇਜ਼ਰਾਇਲ ਦਾ ਕਬਜਾ ਹਟਾਇਆ ਜਾਵੇ।ਦੂਜਾ ਮਤਾ ਸੀ ਕਿ ਅੱਜ ਦਾ ਇਹ ਇਕੱਠ ਆਲਮੀ ਪੱਧਰ ਤੇ ਮਕਬੂਲ ਲੇਖਕਾ ਅਰੁੰਧਤੀ ਰਾਏ ਵਿਰੁੱਧ ਦਿੱਲੀ ਦੇ ਲੈਫਟੀਨੈਂਟ ਗਵਰਨਰ ਵੱਲੋਂ ਯੂਏਪੀਏ ਤਹਿਤ ਮੁਕੱਦਮਾ ਚਲਾਏ ਜਾਣ ਦੀ ਮਨਜ਼ੂਰੀ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕ ਜਮੂਰੀ ਹੱਕਾਂ ਦੇ ਇਸ ਘਾਣ ਦਾ ਡਟ ਕੇ ਵਿਰੋਧ ਕਰਨਗੇ। 'ਅਸੀਂ ਐਲਾਨ ਕਰਦੇ ਹਾਂ, ਕਿ ਅਰੁੰਧਤੀ ਰਾਏ ਡਟੇ ਰਹੋ, ਅਸੀਂ ਤੁਹਾਡੇ ਨਾਲ ਹਾਂ। ਅਸੀਂ ਮੰਗ ਕਰਦੇ ਹਾਂ ਕਿ ਭਾਰਤ ਸਰਕਾਰ ਇਹ ਮੁਕੱਦਮਾਂ ਤੁਰੰਤ ਰੱਦ ਕਰੇ ਅਤੇ ਜੇਲ੍ਹਾਂ ਵਿੱਚ ਡੱਕੇ ਸਾਰੇ ਬੁੱਧੀਜੀਵੀਆਂ, ਹੱਕਾਂ ਦੇ ਪਹਿਰੇਦਾਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰੇ। ਨਾਅਰਿਆਂ ਦੀ ਗੂੰਜ ਵਿੱਚ ਦੋਵੇਂ ਮਤੇ ਪਾਸ ਕੀਤੇ ਗਏ। ਮਾਸਟਰ ਭਜਨ ਸਿੰਘ ਨੇ ਆਏ ਹੋਏ ਦਰਸ਼ਕਾਂ. ਸਹਿਯੋਗੀ ਸੰਸਥਾ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।ਇਸ ਮੇਲੇ ਦੀ ਕਾਮਯਾਬੀ ਦਾ ਸਬੂਤ ਇਸ ਗੱਲੋਂ ਮਿਲਦਾ ਹੈ ਕਿ ਪ੍ਰਬੰਧਕਾਂ ਨੂੰ ਬਾਕਾਇਦਾ ਮੀਡੀਆ ਰਾਹੀਂ ਅਨਾਊਂਸ ਕਰਵਾਉਣਾ ਪਿਆ ਕਿ ਮੇਲੇ ਦੀਆਂ ਸਾਰੀਆਂ ਦੀਆਂ ਸਾਰੀਆਂ ਟਿਕਟਾਂ ਚਾਰ ਦਿਨ ਪਹਿਲਾਂ ਹੀ ਵਿਕ ਚੁੱਕੀਆਂ ਹਨ।




# ਬਿਨਾਂ ਮੁਕਾਬਲਾ ਪੇਸ਼ਕਸ਼ਾਂ ਦੇ ਹੁਣੇ ਖਰੀਦੋ

**ADVANTAGES OF BUYING PRESALES**


- **Your home, your way -** ਆਪਣਾ ਫਲੋਰ ਪਲਾਨ ਆਪ ਚੁਣੋ, ਮੇਨ ਫਲੋਰ ਉੱਪਰ ਫੁੱਲ ਵਾਸ਼ਰੂਮ ਦੇ ਨਾਲ ਇੱਕ ਸਪਾਈਸ ਕਿਚਨ ਜਾਂ ਬੈੱਡਰੂਮ ਸ਼ਾਮਿਲ ਕਰਨ ਦੀ ਚੋਣ ਕਰੋ।
- **Customization options -** ਰੰਗ ,ਲਾਈਟਾਂ ਅਤੇ ਹਾਰਡਵੇਅਰ ਤੁਸੀਂ ਆਪਣੀ ਇੱਛਾ ਅਨੁਸਾਰ ਵੀ ਚੁਣ ਸਕਦੇ ਹੋ!
- **Best of all, no competing offers**

**Starting from High $600's Excl. GST.**

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮ ਸਮਕਾਲੀ ਬਾਹਰੀ ਆਰਕੀਟੈਕਚਰ ਅਤੇ ਉੱਚ-ਅੰਤ ਦੇ ਅੰਦਰੂਨੀ ਹਿੱਸੇ ਪੇਸ਼ ਕਰਦੇ ਹਨ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਟਗੇਜ ਸਹਾਇਕ ਵਜੋਂ ਸੇਵਾ ਕਰਨ ਜਾਂ ਬਹੁ-ਪੀੜ੍ਹੀ ਜੀਵਨ ਸ਼ੈਲੀ ਨੂੰ ਪੂਰਕ ਕਰਨ ਲਈ ਵਿਕਲਪਿਕ 1 ਜਾਂ 2 ਬੈੱਡ ਵਾਲੇ ਕਾਨੂੰਨੀ ਬੇਸਮੈਂਟ ਸੂਟ ਉਪਲਬਧ ਹਨ। ਘਰ ਦੀਆਂ ਹੋਰ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਮਸਾਲੇ ਦੀ ਰਸੋਈ ਅਤੇ ਮੁੱਖ 'ਤੇ ਬੈੱਡਰੂਮ ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਉਪਲਬਧ ਹਨ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!


Den


Great Room


Walk-in Spice Kitchen


Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**


VESTA PROPERTIES

# VESTA ELEVATE COLLECTION

AT COOPER'S CROSSING

## ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕੋ

ਵੇਸਟਾ ਐਲੀਵੇਟ 'ਤੇ ਪੁਰਸਕਾਰ ਜੇਤੂ ਘਰਾਂ ਦੇ ਨਾਲ ਲਗਜ਼ਰੀ ਰਹਿਣ ਦੇ ਸਿਖਰ ਦੀ ਅਜਿਹੀ ਖੋਜ ਕਰੋ। ਜੋ ਸੰਗ੍ਰਹਿ, ਕੂਪਰਜ਼ ਕਰਾਸਿੰਗ ਦੇ ਵੱਕਾਰੀ, ਪੁਰਸਕਾਰ ਜੇਤੂ ਭਾਈਚਾਰੇ ਵਿੱਚ ਸਥਿਤ ਹੈ। ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਸ਼ਾਨਦਾਰ ਢੰਗ ਨਾਲ ਤਿਆਰ ਕੀਤਾ ਗਿਆ 3-ਮੰਜ਼ਲਾ ਵਿਲੇਜ ਟਾਊਨਹੋਮਜ਼, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਜ਼, ਅਤੇ ਮਾਸਟਰ-ਆਨਮੇਨ ਬੰਗਲੇ। ਆਲੀਸ਼ਾਨ ਇੰਟੀਰੀਅਰ ਦੇ ਨਾਲ ਆਧੁਨਿਕ ਸਮਕਾਲੀ ਮੋਨਾਰਕ ਕੰਡੋ ਦੀ ਵਿਸ਼ੇਸ਼ਤਾ ਵੀ ਹੈ।
4,500 ਵਰਗ ਫੁੱਟ ਤੋਂ ਵੱਧ ਉੱਚੀਆਂ ਅੰਦਰੂਨੀ ਸਹੂਲਤਾਂ ਦੇ ਨਾਲ ਮੁਕੰਮਲ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ।







BRIMSTONE
TOWNHOMES AT COOPER'S CROSSING
**3-STOREY TOWNHOMES**

3 Bedrooms | 2.5 Bath
1,565 – 1,602 sq. ft.
Covered deck off the kitchen and a second balcony off the master bedroom




2-STOREY TOWNHOMES

3 Bedrooms + Loft | 2.5 Bath
1,782 – 1,846 sq.ft.
Corner units offering master-on-main living option
Double car garage




LUXURY URBAN CONDOS

2 condo buildings
4 Storeys each
106 condos + 2 townhome units
670 - 1,198 SQ.FT.
**More amenities to be announced**




BUNGALOW VILLAS

Master-on-Main Living
1 Bedroom + Flex | 2 Bath
1,410 SQ.FT. + 1,388 SQ. FT.
Double front attached garage

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

VESTA PROPERTIES

Renderings are artistic concept only and subject to change without notice.

**VESTAELEVATE.COM**

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ਵਿੰਨੀਪੈਗ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ, ਜਮੀਨ 4 ਕਿੱਲੇ,ਉਮਰ 28 ਸਾਲ, ਕੱਦ 5 ਫੁੱਟ 8 ਇੰਚ, ਬੀ ਕਾਮ, ਐਮ ਬੀ ਏ (MRSPTU ਬਠਿੰਡਾ ਯੂਨੀ) ਲਈ ਪੜੀ ਲਿਖੀ ਅੰਮ੍ਰਿਤਧਾਰੀ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। (ਕੋਈ ਮੰਗ ਨਹੀਂ)। ਸੰਪਰਕ : 204 963 5993 ਜਾਂ ਵਟਸਐਪ 91 99147 01101 ***252***

## ਲੜਕੀ ਦੀ ਲੋੜ

ਕਨੇਡੀਅਨ ਬੋਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 778 675 1313 *** ***

## ਲੜਕੀ ਦੀ ਲੋੜ

ਇਟਾਲੀਅਨ ਪੀ ਆਰ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਬਾਸੀ ਪਰਿਵਾਰ ਦੇ ਤਲਾਕ ਸ਼ੁਦਾ ਲੜਕੇ ਉਮਰ 43 ਸਾਲ ਕੱਦ 5 ਫੁੱਟ 5 ਇੰਚ ਲਈ ਹਾਣ ਪਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਇਸ ਵੇਲੇ ਕੈਲਗਰੀ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1604 719 6182 ਜਾਂ ਈ ਮੇਲ :Tejinderbassi88@icloud.com ***251***

## ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B.Tech/MBA, now self employed in logistics, **Canadian citizen** looking for a beautiful educated girl within Canada. Tourist, work permit, PR or citizen. **Call:1 306 502 6789** ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਲੜਕੇ,ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਹੋਟਲ ਮੈਨੇਜਮੈਂਟ ਦੀ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 5012 ***246***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 6 ਇੰਚ, ਲਈ ਨਸ਼ਾ ਰਹਿਤ, ਪੰਜਾਬ ਵਿੱਚ 15 ਤੋਂ 20 ਏਕੜ ਜ਼ਮੀਨ ਦੇ ਮਾਲਕ ,ਕਨੇਡਾ ਵਿੱਚ ਪੀ ਆਰ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 236 818 2368 ਜਾਂ ਵਟਸਐਪ 91 9464555475 ***246***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਉਮਰ 32 ਸਾਲ ,ਕੱਦ 5 ਫੁੱਟ 2 ਇੰਚ, ਐਡਮਿੰਟਨ ਨਿਵਾਸੀ ਤਲਾਕਸੁਦਾ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ,ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ,ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਵੀ ਮਨਜੂਰ। ਅਲਬਰਟਾ ਨੂੰ ਪਹਿਲ । ਕ੍ਰਿਪਾ ਕਰਕੇ ਇੰਡੀਆ ਵਾਲੇ ਸੰਪਰਕ ਨਾ ਕਰਨ। ਸੰਪਰਕ: 1 825 419 6002 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸ਼ੂਲੈਸ ਤਲਾਕਸ਼ੁਦਾ ਲੜਕੇ ਉਮਰ 38 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਟਰੱਕ ਡਰਾਈਵਰ ਓਨਰ ਅਪਰੇਟਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 778 953 0024 ***250***

## ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਚੰਗੀ ਜੌਬ ਕਰ ਰਹੀ ਰਾਮਦਾਸੀਆ (ਮੁੰਗਰੀਆ) ਸਿੱਖ ਪਰਿਵਾਰ ਦੀ ਲੜਕੀ ਜਨਮ 1999, ਕੱਦ 5 ਫੁੱਟ 6 ਇੰਚ, ਬੀ ਟੈੱਕ -ਪੀ ਏ ਯੂ ਲੁਧਿਆਣਾ ਤੋਂ ਫੂਡ ਟੈੱਕਨੋਲੋਜੀ, ਪੀ ਜੀ ਡਿਪਲੋਮਾਂ -ਫੂਡ ਸੇਫਟੀ ਐਂਡ ਕੁਆਲਿਟੀ ਐਸੋਰੈਂਸ (ਟੌਰਾਂਟੋ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਵਿੱਚ ਲੜਕੀ ਦੇ ਪਿਤਾ ਸਦਰ ਕਾਨੂੰਗੋ ਅਤੇ ਮਾਤਾ ਦਾ ਬਿਜਨਿਸ ਇੰਡੇਨ ਗੈਸ ਏਜੰਸੀ ਹੈ। ਭਰਾ ਕਨੇਡੀਅਨ ਪੀ ਆਰ ਹੈ। ਲੜਕੀ ਇਸ ਵੇਲੇ ਚੰਗੀ ਨਾਮਵਰ ਕੰਪਨੀ ਵਿੱਚ ਕੁਆਲਿਟੀ ਚੈੱਕ ਆਫੀਸਰ ਦੀ (ਯੂਨੀਅਨ ਜੌਬ) ਕਰ ਰਹੀ ਹੈ। ਸੰਪਰਕ 403 899 8201 ***246***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਮੈੜ ਰਾਜਪੂਤ ਪਰਿਵਾਰ ਦੀ ਤਲਾਕਸ਼ੁਦਾ (ਬਿਨਾਂ ਬੱਚੇ ਤੋਂ ) ਵਧੀਆ ਜੌਬ ਕਰਦੀ ਲੜਕੀ ਕੱਦ 5 ਫੁੱਟ 2 ਇੰਚ,ਉਮਰ 37 ਸਾਲ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ :1 825 454 1322 ਜਾਂ 403 464 1322 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਜੱਟ ਸਿੱਖ ਛੀਨਾ ਪਰਿਵਾਰ ਦੇ ਲੜਕੇ,ਉਮਰ 37 ਸਾਲ , ਕੱਦ 5 ਫੁੱਟ 11 ਇੰਚ, ਪੜ੍ਹਾਈ ਲਿਖਾਈ ਮਾਸਟਰ ਡਿਗਰੀ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਹੀ ਕਰਨ। ਸੰਪਰਕ: 1 510 377 1180 (ਵਟਸਐਪ) ਜਾਂ ਈ ਮੇਲ: kschhina87@gmail.com ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ,ਉਮਰ 29 ਸਾਲ ਕੱਦ 5 ਫੁੱਟ 8 ਇੰਚ, ਐਮ ਏ ਇੰਗਲਿਸ਼ ,ਬੀ ਐੱਡ, ਲਈ ਪੜ੍ਹੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 951 1954 ਜਾਂ 1825 205 3609 ***250***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਰਾਜਪੂਤ ਚੌਹਾਨ ਪਰਿਵਾਰ ਦੇ ਲੜਕੇ ਜਨਮ 1997, ਕੱਦ 6 ਫੁੱਟ, , ਸਾਫਟ ਵੇਅਰ ਇੰਜੀਨੀਅਰ ਦੀ ਜੌਬ (ਪੈਕੇਜ 85,000 ਕਨੇਡੀਅਨ ਡਾਲਰ ਸਾਲਾਨਾ) ਕੈਲਗਰੀ ਵਿੱਚ ਤਿੰਨ ਘਰਾਂ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਲੜਕੀ ਕਨੇਡਾ ਵਿੱਚ ਕਿਸੇ ਵੀ ਸਟੇਟਸ ਉੱਪਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 9859 ਜਾਂ ਵਟਸਐਪ 91 977 951 1475 ***250***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ, ਜਨਮ 1997, ਕੱਦ 5 ਫੁੱਟ 6 ਇੰਚ ,ਕਸਟਮਰ ਸਰਵਿਸ ਲੀਡ ਏਅਰਪੋਰਟ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਹੈ। ਸੰਪਰਕ - 1 672 966 0734, ਜਾਂ 1 778 859 5322 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ 34 ਸਾਲ ਕੱਦ 5 ਫੁੱਟ 3 ਇੰਚ ਵਿਦਿਅਕ ਯੋਗਤਾ ਬੀ ਐੱਸ ਸੀ ਨਰਸਿੰਗ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 437 3016 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਤਲਾਕਸ਼ੁਦਾ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 36 ਸਾਲ ਕੱਦ 5 ਫੁੱਟ 8 ਇੰਚ,ਹੈਲਥ ਕੇਅਰ ਦੀ ਜੌਬ ਕਰਦੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ, ਵਿਜ਼ਟਰ ਵੀਜੇ ਵਾਲੇ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 403 390 2326 ***249***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ,ਜਨਮ 1991,ਕੱਦ 6 ਫੁੱਟ ,ਕੈਲਗਰੀ ਵਿਖੇ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਸਖਤ ਮਿਹਨਤੀ,ਚੰਗੀ ਪੜ੍ਹੀਲਿਖੀ,ਘਰੇਲੂ ਸੰਸਕਾਰਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਕਨੇਡੀਅਨ ਪੀ ਆਰ ਹਨ ,ਇੱਕ ਭੈਣ ਜੋ ਵਿਆਹੀ ਹੈ ਅਤੇ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਕਾਲ: **403 402 2596** WhatsApp +919914143839 or sandhukd58@gmail.com ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ , M.sc. (Mathemaitcs) ,M.ed (ਕਨੇਡੀਅਨ ਯੂਨੀਵਰਸਿਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਵਾਂ, ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , +919056636305 ***249***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 30 ਸਾਲ,ਕੱਦ 6 ਫੁੱਟ 4 ਇੰਚ ,ਨਾਨ ਸਮੋਕਰ, ਨਾਨ ਡਰਿੰਕਰ, ਬ੍ਰਾਂਚ ਮੈਨੇਜਰ (ਟੀਮ ਡੀ ਬੈਂਕ) ਦੀ ਜੌਬ ਕਰਦੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਐਮ ਬੀ ਏ ਡਿਗਰੀ ਕਰ ਰਹੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***249***

## ਲੜਕੀ ਦੀ ਲੋੜ

ਕਨੇਡਾ ਵਰਕ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ, ਉਮਰ 39 ਸਾਲ,ਪੜਾਈ ਲਿਖਾਈ ਪਲੱਸ ਟੂ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਜਾਂ ਵਿਧਵਾ ਭਾਵੇਂ ਬੱਚੇ ਵਾਲੀ ਹੀ ਹੋਵੇ, ਉਹ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 667 1042 ***249***

## ਲੜਕੀ ਦੀ ਲੋੜ

ਕਨੇਡੀਅਨ ਬੋਰਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਕੈਲਗਰੀ ਯੂਨੀਵਰਸਿਟੀ ਤੋਂ ਸੀ ਪੀ ਏ,ਐਮ ਬੀ ਏ, ਨਾਨ ਵੈਜੀਟੇਰੀਅਨ, ਨਾਨ ਸਮੋਕਰ, ਨਾਨ ਡਰਿੰਕਰ, ਸਪੋਰਟਸ ਪਰਸਨ ਲਈ ਕਨੇਡੀਅਨ ਬੋਰਨ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ 37 ਸਾਲ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਲੜਕਾ ਇਸ ਵੇਲੇ ਕੈਲਗਰੀ ਵਿੱਚ ਹੀ ਚੰਗੀ ਤਨਖਾਹ ਵਾਲੀ ਜੌਬ ਕਰ ਰਿਹਾ ਹੈ। ਸੰਪਰਕ: 368 997 6735 ***247***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉਪਰ ਆਏ,ਚੀਮਾ ਪਰਿਵਾਰ ਦੇ ਲੜਕੇ,ਉਮਰ 33 ਸਾਲ ਕੱਦ 5 ਫੁੱਟ 10 ਇੰਚ, ਕੰਪਿਊਟਰ ਸਾਫਟਵੇਅਰ ਅਤੇ ਏ ਸੀ ਮਕੈਨਿਕ ਡਿਪਲੋਮਾ ਹੋਲਡਰ , ਵੈਸ਼ਨੂੰ,ਨਾਨ ਡਰਿੰਕਰ ਲਈ ਕਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 896 1625 ***247***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਸਿੱਖ ਪਰਿਵਾਰ ਦੇ ਸਾਰਟ ਟਾਈਮ ਡਿਵੋਰਸ,ਲੜਕੇ ਉਮਰ 35 ਸਾਲ, ਕੱਦ 5 ਫੁੱਟ 7 ਇੰਚ, ਲਈ ਪੜੀ ਲਿਖੀ ਵੈਸ਼ਨੂੰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 780 655 9504 ਜਾਂ 639 329 2599 ***247***

## ਲੜਕੀ ਦੀ ਲੋੜ

ਕਨੇਡਾ ਵਿੱਚ ਰਹਿੰਦੇ ਔਲਖ (ਛੀਂਬਾ) ਪਰਿਵਾਰ ਦੇ ਲੜਕੇ ਉਮਰ 26 ਸਾਲ,ਕੱਦ 5 ਫੁੱਟ 7 ਇੰਚ,ਬਿਜਨਿਸ ਅਕਾਊਂਟਿੰਗ ਟੈਕਨੋਲੋਜੀ ਦੀ ਪੜ੍ਹਾਈ ਕਨੇਡਾ ਤੋਂ ਕੀਤੀ ਹੋਈ ਹੈ ਅਤੇ ਹੁਣ ਆਪਣਾ ਬਿਜਨਿਸ ਪਾਰਟਨਰਸ਼ਿੱਪ ਨਾਲ ਕਰ ਰਿਹਾ ਹੈ। ਉਸ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਡਾਕਟਰ ਹੈ। ਸੰਪਰਕ: 403 402 6001 ਜਾਂ 98724 21430 ***247***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਦਸੰਬਰ 1993,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਹੈਲਥ ਐਂਡ ਹਿਊਮਨ ਸਰਵਿਸ ਅਤੇ ਹੁਣ ਡਾਇਰੈਕਟ ਸੁਪੋਰਟ ਸਪੈਸਲਿਸਟ ਦੀ ਜੌਬ ਕਰ ਰਹੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸੋਹਣਾ ਸੁਨੱਖਾ ਅਤੇ ਕੱਦ 5 ਫੁੱਟ 10 ਇੰਚ ਤੋਂ ਘੱਟ ਨਾ ਹੋਵੇ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਵਟਸਐਪ ਉਪਰ ਫੋਟੋ ਅਤੇ ਬਾਇਓਡਾਟਾ ਭੇਜੋ। ਸੰਪਰਕ: 587 583 0250 ਜਾਂ 403 700 6649 ***247***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ : **Diploma** in applied Science Engineering **Job:** Signals and Communications Maintainer **( CPKC Railways)**

ਸੰਪਰਕ: 1780 600 6662 ਜਾਂ ਵਟਸਐਪ: 91 9592722719 ***247***

## ਜੀਵਨ ਸਾਥੀ ਦੀ ਲੋੜ

ਯੂ ਐਸ ਏ ਕੈਲੈਫੋਰਨੀਆਂ ਸਟੂਡੈਂਟ ਵੀਜਾ ਉੱਪਰ ਰਹਿੰਦੀ ਸੈਣੀ ਪਰਿਵਾਰ ਦੀ ਚੰਗੀ ਪੜੀ ਲਿਖੀ ਤਲਾਕਸੁਦਾ ਉਮਰ 47 ਸਾਲ, ਬੀ ਐਸ ਸੀ ,ਬੀ ਐੱਡ (ਮੈਡੀਕਲ) ਅਤੇ ਫਾਰਮੇਸੀ ਦੀ ਪੜ੍ਹਾਈ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਸੰਪਰਕ: 587 971 9302 ਜਾਂ ਈ ਮੇਲ: harkiratsaini29@gmail.com ***247***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀ ਲਿਖੀ,**(Innocently Divorced)** ਵਾਸਤੇ ਪੜ੍ਹੇ ਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***247***

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./ WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੋਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000



ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.






ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



ਵਰਕਰਾਂ ਦੀ ਲੋੜ

Green City is hiring lawn care worker with the following qualifications:

- Class 5 Driving license
- Good English communication skills
- Minimum age 24 required

ਕਾਲ: (403) 606-4160


### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.

sikhsocietysknewland@gmail.com

# ਪਾਣੀ, ਹਾਏ ਪਾਣੀ !

ਸਾਡੇ ਦੇਸ਼ ਦਾ ਰਾਜਸਥਾਨ ਸੂਬਾ ਮਾਰੂਥਲ ਨਾਲ ਭਰਿਆ ਹੋਇਆ ਹੈ, ਜਿੱਥੇ ਦੂਰ ਦੂਰ ਤੱਕ ਲੋਕਾਂ ਨੂੰ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਦੇ ਜ਼ਿਲ੍ਹਾ ਜਲੌਰ ਦਾ ਪਿੰਡ ਬੀਠਣ ਹੈ, ਜਿੱਥੋਂ ਦੇ ਲੋਕ ਪੀੜ੍ਹੀ ਦਰ ਪੀੜ੍ਹੀ ਭਾਵ ਸਦੀਆਂ ਤੋਂ ਇਸ ਸਮੱਸਿਆ ਨਾਲ ਜੂਝ ਰਹੇ ਹਨ। ਇੱਥੋਂ ਨੇੜੇ ਤੋਂ ਨੇੜੇ ਪੀਣਯੋਗ ਪਾਣੀ 15 ਕਿਲੋਮੀਟਰ ਦੂਰ ਪੈਂਦਾ ਹੈ। ਇਸ ਪਿੰਡ ਦੀਆਂ ਔਰਤਾਂ ਹਰ ਰੋਜ਼ ਸਵੇਰੇ ਪੰਜ-ਛੇ ਵਜੇ ਪੈਦਲ ਹੀ ਆਪਣੇ ਲੱਕ ਦੁਆਲੇ ਜਾਂ ਸਿਰਾਂ 'ਤੇ ਪਾਣੀ ਦੇ ਖ਼ਾਲੀ ਬੱਠਲ ਰੱਖ ਪਾਣੀ ਲੈਣ ਨਿਕਲ ਜਾਂਦੀਆਂ ਹਨ, ਕਿਉਂਕਿ ਇੱਥੇ ਪਾਣੀ ਲਿਆਉਣਾ ਸਿਰਫ਼ ਔਰਤ ਦੀ ਜ਼ਿੰਮੇਵਾਰੀ ਹੈ। ਇਸ ਕੰਮ ਲਈ ਉਹਨਾਂ ਨੂੰ ਰੋਜ਼ਾਨਾ ਕਰੀਬ 7-8 ਘੰਟੇ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਘਰ ਦੇ ਹੋਰ ਕੰਮ ਵੱਖਰੇ ਤੌਰ 'ਤੇ ਕਰਨੇ ਪੈਂਦੇ ਹਨ। ਇੱਥੇ ਪਾਣੀ ਦੀ ਡੂੰਘਾਈ ਕਰੀਬ 80-90 ਫੁੱਟ 'ਤੇ ਜਾ ਕੇ ਹੈ। ਇਸ ਬੀਆਬਾਨ ਖੇਤਰ ਵਿੱਚ ਕੋਈ ਅਣਸੁਖਾਵੀਂ ਘਟਨਾ ਹੋ ਜਾਣ 'ਤੇ ਨੇੜਲੇ ਪੁਲਿਸ ਥਾਣੇ ਨੂੰ ਜਾਣ ਲਈ ਵੀ 4-5 ਘੰਟੇ ਲੱਗਦੇ ਹਨ। ਰਿਵਾਇਤ ਅਨੁਸਾਰ ਇੱਥੇ ਜ਼ਿਆਦਾਤਰ ਪੁਰਸ਼ਾਂ ਦੇ 2 ਜਾਂ 3 ਤਿੰਨ ਵਿਆਹ ਹਨ, ਇਸਦਾ ਵੀ ਕਾਰਨ ਹੈ। ਜਦੋਂ ਪਹਿਲੀ ਪਤਨੀ ਉਮਰਦਰਾਜ਼ ਹੋ ਜਾਣ ਕਾਰਨ ਪਾਣੀ ਲਿਆਉਣ ਤੋਂ ਅਸਮਰਥ ਹੋ ਜਾਂਦੀ ਹੈ, ਤਾਂ ਪੁਰਸ਼ ਹੋਰ ਵਿਆਹ ਕਰਵਾ ਲੈਂਦਾ ਹੈ। ਇੱਥੋਂ ਦੇ ਮਰਦ ਨਾਚ-ਮੰਡਲੀ ਜਾਂ ਹੋਰ ਮਜ਼ਦੂਰੀ ਦਾ ਕੰਮ ਕਰਦੇ ਹਨ। ਆਪਣੀ ਸਰੀਰਕ ਸਮਰੱਥਾ ਦੇ ਹਿਸਾਬ ਨਾਲ ਕੋਈ 'ਕੱਲੀ ਜਵਾਨ ਔਰਤ ਜਿਆਦਾ ਪਾਣੀ ਲਿਆਉਣ ਦੇ ਸਮਰੱਥ ਹੈ ਤਾਂ ਉਸ ਬਦਲੇ ਉਸਨੂੰ ਰੋਟੀ, ਅਨਾਜ ਜਾਂ ਚੌਲ ਵਗੈਰਾ ਮਿਲ ਜਾਂਦੇ ਹਨ।

ਚਲੋ ਹੁਣ ਅੱਗੇ ਚੱਲਦੇ ਹਾਂ, ਜਿੱਥੋਂ ਦੀ ਕਹਾਣੀ ਤੇ ਹਾਲਾਤ ਇਸ ਤੋਂ ਵੀ ਬੱਦਤਰ ਹਨ। ਰਾਜਸਥਾਨ ਦਾ ਜ਼ਿਲ੍ਹਾ ਬਾੜਮੇਰ, ਇਹ ਭਾਰਤ ਦਾ ਪੰਜਵਾਂ ਸਭ ਤੋਂ ਵੱਡਾ ਜ਼ਿਲ੍ਹਾ ਹੈ। ਥਾਰ ਰੇਗਿਸਤਾਨ ਇਸ ਖਿੱਤੇ ਦੀ ਪਛਾਣ ਹੈ ਜੋ ਕਿ 85 ਫੀਸਦ ਭਾਰਤ ਤੇ 15 ਫੀਸਦ ਪਾਕਿਸਤਾਨ ਤੱਕ ਫੈਲਿਆ ਹੋਇਆ ਹੈ। ਇੱਥੇ 25 ਕਿਲੋਮੀਟਰ ਤੋਂ ਪਾਣੀ ਲੈ ਕੇ ਆਉਣਾ ਪੈਂਦਾ ਹੈ। ਜੈਸਲਮੇਰ ਵਾਂਗ ਇੱਥੇ ਵੀ ਸਭ ਤੋਂ ਵਧੇਰੇ ਗਰਮੀ ਪੈਂਦੀ ਹੈ ਤੇ ਪਾਣੀ ਦੀ ਸਮੱਸਿਆ ਸਦੀਆਂ ਪੁਰਾਣੀ ਹੈ। ਔਰਤਾਂ ਦੀ ਸਾਰੀ ਜਵਾਨੀ ਪਾਣੀ ਢੋਂਦਿਆਂ ਹੀ ਲੰਘ ਜਾਂਦੀ ਹੈ। ਪਾਣੀ ਦੀ ਕਿੱਲਤ ਇੰਨੀ ਹੈ ਕਿ ਇੱਥੋਂ ਦੇ ਲੋਕ ਸਵੇਰੇ ਬਿਨਾਂ ਪਾਣੀ ਤੋਂ ਹੀ ਜੰਗਲ ਪਾਣੀ ਜਾਂਦੇ ਹਨ, ਖਾਲੀ ਹੱਥ। ਆਪਣੀ ਕਿਰਿਆ ਸੋਧਣ ਲਈ ਉਹ ਮਿੱਟੀ ਜਾਂ ਰੇਤੇ ਨਾਲ ਕੰਮ ਸਾਰਦੇ ਹਨ। ਬਰਤਨ ਵੀ ਰੇਤੇ ਨਾਲ ਹੀ ਸਾਫ਼ ਕਰਦੇ ਹਨ।

'ਅਰਬੀ ਕੀ ਗਫ਼ਨ' ਨਾਮਕ ਪਿੰਡ ਵਿੱਚ ਵੀ ਖਾਰਾ ਪਾਣੀ ਹੈ ਤੇ ਉਹ ਵੀ 600 ਫੁੱਟ ਦੇ ਕਰੀਬ ਡੂੰਘਾ। ਉਥੇ ਲੋਕ ਘਰੇ ਲਿਆਂਦੇ ਪਾਣੀ ਨੂੰ ਜਿੰਦਾ ਲਗਾ ਕੇ ਰੱਖਦੇ ਹਨ। ਇੱਥੇ ਕਥਨ ਪ੍ਰਚਲਿਤ ਹੈ ਕਿ ਆਂਢ ਗੁਆਂਢ ਤੋਂ ਮੰਗਣ ਆਏ ਵਿਅਕਤੀ ਨੂੰ ਦੁੱਧ ਜਾਂ ਘਿਓ ਤਾਂ ਦੇ ਦਿੰਦੇ ਹਨ ਪਰ ਪਾਣੀ ਨਹੀਂ। 10-12 ਸਾਲਾਂ ਦੀਆਂ ਬੱਚੀਆਂ ਤੋਂ ਲੈ ਕੇ 80-85 ਸਾਲ ਦੀਆਂ ਬਜ਼ੁਰਗ ਔਰਤਾਂ ਲਈ ਪਾਣੀ ਲਿਆਉਣਾ ਹੀ ਮੁੱਖ ਕੰਮ ਹੈ। ਪਾਣੀ ਲਿਆਉਣ ਕਾਰਨ ਕਈ ਬੱਚੀਆਂ ਦੀ ਪੜ੍ਹਾਈ ਵੀ ਛੁੱਟ ਗਈ ਹੈ। ਇੱਥੇ ਸਾਲ 'ਚ 3-4 ਵਾਰੀ ਹੀ ਬਾਰਿਸ਼ ਹੁੰਦੀ ਹੈ। ਜਲ ਸਰੋਤ ਲਗਾਤਾਰ ਸੁੱਕ ਰਹੇ ਹਨ।

ਡੇਢ-ਦੋ ਸੌ ਫੁੱਟ ਤੋਂ ਤਿੰਨ ਜਾਂ ਚਾਰ ਔਰਤਾਂ ਮਿਲ ਕੇ ਪਾਣੀ ਭਰੀ ਮਸ਼ਕ ਨੂੰ ਰੱਸੀ ਨਾਲ ਖਿੱਚਦੀਆਂ ਹਨ ਤੇ ਇੱਕ ਔਰਤ ਉਸ ਮਸ਼ਕ 'ਚੋਂ ਪਾਣੀ ਬੱਠਲ ਵਿੱਚ ਭਰ ਲੈਂਦੀ ਹੈ। ਕੁਝ ਕੁ ਮਸ਼ਕਾਂ ਭਰਨ ਤੋਂ ਬਾਅਦ ਖੂਹੀ ਵਿਚਲਾ ਪਾਣੀ ਵੀ ਸੁੱਕ ਜਾਂਦਾ ਹੈ। ਬਾਕੀ ਔਰਤਾਂ ਖੂਹੀ 'ਚ ਪਾਣੀ ਦੁਬਾਰਾ ਭਰ ਆਉਣ ਦਾ ਇੰਤਜਾਰ ਕਰਦੀਆਂ ਹਨ। ਇਹਨਾਂ ਕੱਚੀਆਂ ਖੂਹੀਆਂ ਨੂੰ ਸਥਾਨਕ ਲੋਕ ਬੇਰੀਆਂ ਕਹਿੰਦੇ ਹਨ। ਇੱਥੇ ਇੱਕ ਵੱਡੇ ਤਲਾਬ 'ਚ ਪੰਦਰਾਂ-ਵੀਹ ਬੇਰੀਆਂ ਪੁੱਟ ਦਿੱਤੀਆਂ ਜਾਂਦੀਆਂ ਹਨ। ਜਦੋਂ ਬਾਰਿਸ਼ ਆਉਂਦੀ ਹੈ ਤਾਂ ਪਹਿਲਾਂ ਸਭ ਤੋਂ ਨੀਵੀਂ ਬੇਰੀ ਭਰ ਜਾਂਦੀ ਹੈ। ਉਸ ਤੋਂ ਪਾਣੀ ਓਵਰਫਲੋ ਹੋਣ ਤੋਂ ਬਾਅਦ ਬਾਕੀ ਬੇਰੀਆਂ ਭਰਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹਨਾਂ ਬੇਰੀਆਂ 'ਚ ਇਕੱਠੇ ਕੀਤੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਵੀ ਇਹਨਾਂ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦਾ ਮੁੱਖ ਸਰੋਤ ਇਹ ਬੇਰੀਆਂ ਹੀ ਹਨ। ਪਥਰੀਲੀ ਜਗ੍ਹਾ 'ਤੇ ਖੂਹ ਹਨ ਜਿਨ੍ਹਾਂ ਦਾ ਪਾਣੀ ਖਾਰਾ ਹੁੰਦਾ ਹੈ। ਇਸ ਪਾਣੀ ਨਾਲ ਕੱਪੜੇ ਧੋਏ ਜਾਂਦੇ ਹਨ ਤੇ ਪਸ਼ੂ ਵੀ ਪੀ ਲੈਂਦੇ ਹਨ ਪਰ ਇਹ ਪਾਣੀ ਇਨਸਾਨਾਂ ਦੇ ਪੀਣਯੋਗ ਨਹੀਂ ਹੈ।

ਧਰਤੀ ਦੀ ਸਤਹ ਦੇ ਬਰਾਬਰ ਹੋਣ ਕਾਰਨ ਇਹਨਾਂ ਬੇਰੀਆਂ ਵਿੱਚ ਮਿੱਟੀ-ਪੱਥਰ ਡਿੱਗਦੇ ਰਹਿੰਦੇ ਹਨ ਤੇ ਇਹਨਾਂ ਦੀ ਡੂੰਘਾਈ ਘਟ ਜਾਂਦੀ ਹੈ ਜਿਸ ਕਾਰਨ ਪਾਣੀ ਵੀ ਸੁੱਕਣ ਲੱਗਦਾ ਹੈ। ਇਸ ਲਈ ਇਹਨਾਂ ਦੀ ਲਗਾਤਾਰ ਸਫ਼ਾਈ ਹੁੰਦੀ ਰਹਿਣੀ ਵੀ ਜ਼ਰੂਰੀ ਹੈ। ਇਹਨਾਂ ਬੇਰੀਆਂ ਦੇ ਸਮੂਹਾਂ ਨੂੰ ਸੋਨੀਆ ਚੈਨਲ ਦਾ ਨਾਂ ਦਿੱਤਾ ਗਿਆ ਹੈ। ਇਹ ਪਹਿਲਾਂ ਜ਼ਿਆਦਾਤਰ ਕੱਚੀਆਂ ਹੁੰਦੀਆਂ ਸਨ, ਜ਼ਮੀਨ ਦੇ ਬਰਾਬਰ। ਹੁਣ ਸਰਕਾਰ ਨੇ ਪੱਕੀਆਂ ਤੇ ਉੱਚੀਆਂ ਬੇਰੀਆਂ ਬਣਾਈਆਂ ਹਨ। ਸਮੇਂ ਦੇ ਫੇਰ ਨਾਲ ਹੁਣ ਟੈਂਕਾਂ ਰਾਹੀਂ ਵੀ ਪਾਣੀ ਆਉਂਦਾ ਹੈ। ਸਥਾਨਕ ਲੋਕ ਇਹ ਕਾਰੋਬਾਰ ਵੀ ਕਰਦੇ ਹਨ, ਜਿਨ੍ਹਾਂ ਕੋਲ ਟਰੈਕਟਰ ਹਨ। ਤਿੰਨ-ਚਾਰ ਬੇਰੀਆਂ 'ਚੋਂ ਪਾਈਪਾਂ ਨਾਲ ਪਾਣੀ ਕੱਢ ਕੇ ਇੱਕ ਟੈਂਕਰ ਭਰ ਜਾਂਦਾ ਹੈ ਜੋ ਕਿ ਘਰਾਂ 'ਚ ਸਪਲਾਈ ਹੁੰਦਾ ਹੈ। ਇਸ ਤੋਂ ਇਲਾਵਾ ਕਦੇ-ਕਦੇ ਸਰਕਾਰੀ ਟੈਂਕਰ ਵੀ ਆਉਂਦਾ ਹੈ। ਆਰਥਿਕ ਪੱਖੋਂ ਖੁਸ਼ਹਾਲ ਲੋਕ ਵਾਟਰ ਹਾਰਵੈਸਟਿੰਗ ਵੀ ਕਰਦੇ ਹਨ। ਉਹਨਾਂ ਨੇ 10*10 ਦੇ ਅੰਡਰ ਗਰਾਊਂਡ ਟੈਂਕ ਬਣਾਏ ਹੋਏ ਹਨ ਜਿਨਾਂ 'ਚ ਮੀਂਹ ਦਾ ਪਾਣੀ ਇਕੱਠਾ ਕਰ ਲੈਂਦੇ ਹਨ। ਇਸ ਨੂੰ ਇੱਥੇ ਟਾਂਕਾ ਕਹਿੰਦੇ ਹਨ।

20-25 ਕਿਲੋਮੀਟਰ ਦੀ ਦੂਰੀ ਤੋਂ ਲਗਾਤਾਰ ਪਾਣੀ ਭਰ ਕੇ ਲਿਆਉਣ ਕਾਰਨ ਔਰਤਾਂ ਦੇ ਸਰੀਰ ਵਿੱਚ, ਲੱਤਾਂ ਬਾਹਾਂ 'ਚ, ਸਿਰ ਤੇ ਨਸਾਂ 'ਚ ਦਰਦ ਸ਼ੁਰੂ ਹੋ ਜਾਂਦੇ ਹਨ। ਗਰਭ ਧਾਰਨ ਅਤੇ ਬੱਚੇਦਾਨੀ ਉੱਤੇ ਵੀ ਮਾੜਾ ਅਸਰ ਪੈਂਦਾ ਹੈ। ਜ਼ਿਆਦਾਤਰ ਔਰਤਾਂ ਦੇ ਪੀਰੀਅਡ 7-8 ਦਿਨਾਂ ਦੇ ਹੁੰਦੇ ਹਨ। ਗਰਭਵਤੀ ਔਰਤਾਂ ਅੱਠਵੇਂ ਮਹੀਨੇ ਤੱਕ ਤੇ ਬੱਚਾ ਪੈਦਾ ਹੋਣ ਤੋਂ ਮਹੀਨੇ ਕੁ ਬਾਅਦ ਫਿਰ ਤੋਂ ਪਾਣੀ ਲਿਆਉਣਾ ਸ਼ੁਰੂ ਕਰ ਦਿੰਦੀਆਂ ਹਨ। ਇੱਕ ਪਿੰਡ ਦੀ ਇੱਕ ਔਰਤ ਇੱਕ ਸਾਲ ਵਿੱਚ ਔਸਤ 10 ਹਜ਼ਾਰ ਕਿਲੋਮੀਟਰ ਪੈਦਲ ਤੁਰਦੀ ਹੈ, ਸਿਰਫ਼ ਪਾਣੀ ਲਿਆਉਣ ਲਈ। ਇਹ ਹੀ ਇਹਨਾਂ ਦਾ ਰਸਤਾ ਹੈ ਤੇ ਇਹੀ ਮੰਜ਼ਿਲ। ਘੜਿਆਂ, ਮਟਕਿਆਂ, ਮਸ਼ਕਾਂ ਤੇ ਪਾਣੀ ਦੁਆਲੇ ਘੁੰਮਦੀ ਹੈ ਇਹਨਾਂ ਔਰਤਾਂ ਦੀ ਜ਼ਿੰਦਗੀ। ਕਈ ਬਜ਼ੁਰਗ ਔਰਤਾਂ ਇਕੱਲੀਆਂ ਹੀ ਰਹਿੰਦੀਆਂ ਹਨ। ਉਹਨਾਂ ਨੂੰ 80-85 ਸਾਲ ਦੀ ਉਮਰ 'ਚ ਵੀ ਆਪ ਹੀ ਪਾਣੀ ਭਰ ਕੇ ਲਿਆਉਣਾ ਪੈਂਦਾ ਹੈ। ਝੁਕੀ ਹੋਈ ਕਮਰ, ਇੱਕ ਹੱਥ ਲਾਠੀ ਤੇ ਦੂਜੇ 'ਚ ਪਾਣੀ ਦਾ ਬੱਠਲ ਮੇਰਾ ਭਾਰਤ ਮਹਾਨ ਹੋਣ ਦੀ ਗਵਾਹੀ ਭਰਦਾ ਪ੍ਰਤੀਤ ਹੁੰਦਾ ਹੈ। ਚੰਦ ਤੇ ਮੰਗਲ ਗ੍ਰਹਿ ਤੱਕ ਪਹੁੰਚਣ ਦੇ ਦਮਗਜ਼ੇ ਮਾਰਨ ਵਾਲੀ ਮੇਰੀ ਭਾਰਤ ਸਰਕਾਰ ਨੂੰ ਇਸ ਪ੍ਰਤੀ ਬਹੁਤ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਹਰ ਘਰ ਜਲ, ਹਰ ਘਰ ਪਾਣੀ ਦੀ ਸਕੀਮ ਇੱਥੇ ਪਤਾ ਨਹੀਂ ਕਦੋਂ ਪਹੁੰਚੇਗੀ, ਕਦੇ ਪਹੁੰਚੇਗੀ ਵੀ ਜਾਂ ਨਹੀਂ!


ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 9888940211




# ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ

*ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ*
*ਮੇਰੇ ਯਾਰ ਸਭ ਹੁੰਮ ਹੁੰਮਾ ਕੇ ਚੱਲਣਗੇ*

ਪੰਜਾਬੀ ਗੀਤਾਂ ਨੂੰ ਪਿਆਰ ਕਰਨ ਵਾਲੇ ਹਰ ਇਕ ਵਿਅਕਤੀ ਨੇ ਇਕ ਵਾਰ ਨਹੀਂ ਬਲਕਿ ਹਜ਼ਾਰਾਂ ਵਾਰ ਇਨ੍ਹਾਂ ਸਤਰਾਂ ਨੂੰ ਸੁਣਿਆ ਹੈ। ਇਨ੍ਹਾਂ ਸਤਰਾਂ ਦੇ ਗੀਤਕਾਰ ਸਨ 'ਪ੍ਰਕਾਸ਼ ਸਾਥੀ'। ਆਉ ਇਸ ਲੇਖ ਵਿੱਚ ਪ੍ਰਕਾਸ਼ ਸਾਥੀ ਦੀ ਗੱਲ ਕਰਦੇ ਹਾਂ।

ਪ੍ਰਕਾਸ਼ ਸਾਥੀ ਦਾ ਅਸਲ ਨਾਮ, ਓਮ ਪ੍ਰਕਾਸ਼ ਪ੍ਰਭਾਕਰ ਸੀ। ਉਸਦਾ ਜਨਮ 5 ਮਾਰਚ 1928 ਨੂੰ ਵਰਤਮਾਨ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਦੇ ਪਿੰਡ, ਨੰਦ ਵਿੱਚ ਪਿਤਾ ਸ਼੍ਰੀ ਗਨਪਤ ਰਾਇ ਜੀ ਦੇ ਘਰ ਮਾਤਾ ਅਜੀਤ ਕੌਰ ਦੀ ਕੁੱਖੋਂ ਹੋਇਆ। ਪ੍ਰਕਾਸ਼ ਦੇ ਪਿਤਾ ਸ਼੍ਰੀ ਗਨਪਤ ਰਾਇ ਜੀ ਰੇਲਵੇ ਵਿੱਚ ਸਟੇਸ਼ਨ ਮਾਸਟਰ ਸਨ।

ਪ੍ਰਕਾਸ਼ ਦੀ ਉਮਰ ਉਸ ਵੇਲੇ ਹਾਲੇ ਦਸ ਕੁ ਵਰ੍ਹੇ ਹੀ ਸੀ, ਜਦੋਂ ਉਹ ਐਸ. ਡੀ. ਹਾਈ ਸਕੂਲ ਲਾਇਲਪੁਰ ਵਿੱਚ ਪੰਜਵੀਂ 'ਚ ਪੜ੍ਹਦਾ ਸੀ। ਇਕ ਵਾਰ ਸਕੂਲ 'ਚ ਇੰਸਪੈਕਸ਼ਨ ਲਈ ਇੰਸਪੈਕਟਰ (ਪਹਿਲਾਂ ਜਿਲ੍ਹਾ ਸਿੱਖਿਆ ਅਫਸਰ ਜਾਂ ਸਿੱਖਿਆ ਦੇ ਵੱਡੇ ਅਧਿਕਾਰੀਆਂ ਨੂੰ ਇੰਸਪੈਕਟਰ ਕਿਹਾ ਜਾਂਦਾ ਸੀ) ਨੇ ਆਉਣਾ ਸੀ। ਮਾਸਟਰ ਜੀ ਨੇ ਪ੍ਰਕਾਸ਼ ਨੂੰ ਇਕ ਅੰਗਰੇਜ਼ੀ ਦੀ ਕਵਿਤਾ ਬੋਲਣ ਵਾਸਤੇ ਚੁਣਿਆ। ਪ੍ਰਕਾਸ਼ ਇਸ ਚੋਣ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੋਇਆ। ਇੰਸਪੈਕਸ਼ਨ ਵਾਲੇ ਦਿਨ ਪ੍ਰਕਾਸ਼ ਨੇ ਅੰਗਰੇਜ਼ੀ ਦੀ ਉਹ ਕਵਿਤਾ ਸੁਣਾ ਕੇ ਆਪਣੇ ਵੱਲੋਂ ਹੀ ਲਿਖੀ ਪੰਜਾਬੀ ਦੀ ਵੀ ਇਕ ਕਵਿਤਾ ਸੁਣਾਉਣੀ ਸ਼ੁਰੂ ਕਰ ਦਿੱਤੀ। ਪੰਜਾਬੀ ਵਾਲੀ ਕਵਿਤਾ ਸੁਣ ਕੇ ਮਾਸਟਰ ਜੀ ਦਾ ਚਿਹਰਾ ਲਾਲ ਹੋ ਗਿਆ। ਪ੍ਰਕਾਸ਼ ਇਹ ਦੇਖ ਕੇ ਡਰ ਗਿਆ ਕਿ ਹੁਣ ਮਾਰ ਪਵੇਗੀ। ਪਰ ਹੋਇਆ ਉਸਦੀ ਸੋਚ ਤੋਂ ਬਿਲਕੁਲ ਉਲਟ। ਇੰਸਪੈਕਟਰ ਨੇ ਪ੍ਰਕਾਸ਼ ਨੂੰ ਕੋਲ ਬੁਲਾ ਕੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਪਿਆਰ ਦਿੱਤਾ।

ਪ੍ਰਕਾਸ਼ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਚਾਈਂ-ਚਾਈਂ ਘਰ ਪਹੁੰਚ ਗਿਆ ਤੇ ਇਹ ਖੁਸ਼ੀ ਆਪਣੇ ਮਾਤਾ ਪਿਤਾ ਨਾਲ ਸਾਂਝੀ ਕਰਨ ਲਈ ਬਹੁਤ ਉਤਾਵਲਾ ਹੋ ਗਿਆ। ਇਸ ਉਮੀਦ ਨਾਲ ਕਿ ਪਿਤਾ ਜੀ ਵੀ ਸ਼ਾਬਾਸ਼ ਦੇਣਗੇ। ਸਕੂਲ 'ਚ ਕਵਿਤਾ ਵਾਲੀ ਗੱਲ ਪਿਤਾ ਨੂੰ ਸੁਣਾਈ ਤਾਂ ਪਿਤਾ ਜੀ ਦਾ ਹੱਥ ਉੱਠਿਆ ਤੇ ਸਿੱਧਾ ਪ੍ਰਕਾਸ਼ ਦੀ ਗੱਲ 'ਤੇ ਕੜਾਕੇਦਾਰ ਥੱਪੜ ਰਸੀਦ ਕਰ ਦਿੱਤਾ। ਨਾਲ ਹੀ ਪ੍ਰਕਾਸ਼ ਦੇ ਪਿਤਾ ਜੀ ਗਰਜਦਿਆਂ ਹੋਇਆਂ ਬੋਲੇ, "ਸ਼ੁਦਾਈ ਹੋਜੇਂਗਾ....ਪਾਗਲ, ਦੀਵਾਨਾ।" ਪ੍ਰਕਾਸ਼ ਅੱਖਾਂ 'ਚੋਂ ਹੰਝੂ ਕੇਰਦਾ ਪਾਸੇ ਹੋ ਗਿਆ।

ਮਾਪਿਆਂ ਦੀਆਂ ਗਾਹਲਾਂ ਤਾਂ ਘਿਓ ਦੀਆਂ ਨਾਲ਼ਾਂ ਹੁੰਦੀਆਂ ਹਨ। ਸ਼ਾਇਦ ਉਹਨਾਂ ਝਿੜਕਾਂ ਦਾ ਹੀ ਨਤੀਜਾ ਸੀ ਕਿ ਪ੍ਰਕਾਸ਼ ਸਾਥੀ ਦੀ ਲਿਖਤ ਜੋ ਆਸਾ ਸਿੰਘ ਮਸਤਾਨਾ ਦੀ ਆਵਾਜ਼ 'ਚ ਰਿਕਾਰਡ ਹੋਈ, ਨੇ ਪ੍ਰਕਾਸ਼ ਸਾਥੀ ਦਾ ਨਾਮ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪਹੁੰਚਾ ਦਿੱਤਾ, ਜਿਸਦੇ ਬੋਲ ਆਪਾਂ ਸਭ ਨੇ ਹੀ ਰੇਡੀਓ, ਰਿਕਾਰਡਾਂ, ਕੈਸਿਟਾਂ 'ਚ ਬਹੁਤ ਵਾਰੀ ਸੁਣੇ ਹਨ:


**ਪ੍ਰਕਾਸ਼ ਸਾਥੀ**

*ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ*
*ਮੇਰੇ ਯਾਰ ਸਭ ਹੁੰਮ ਹੁੰਮਾ ਕੇ ਚੱਲਣਗੇ*
*ਜਿਨਾਂ ਨੂੰ ਮੈਂ ਪਲਕਾਂ ਦੀ ਛਾਵੇਂ ਬਿਠਾਇਆ*
*ਉਹੋ 'ਸਾਥੀ' ਮੈਨੂੰ ਅੱਗ ਲਾ ਕੇ ਚੱਲਣਗੇ*

ਇਹ ਗਜ਼ਲ 1965 ਵਿੱਚ ਕੋਲੰਬੀਆ ਕੰਪਨੀ ਦੇ **ਰਿਕਾਰਡ ਨੰਬਰ GE26537** 'ਤੇ ਰਿਕਾਰਡ ਹੋਈ।

ਪ੍ਰਕਾਸ਼ ਦੇ ਵੱਡੇ ਭਰਾ ਦੀ ਚੜ੍ਹਦੀ ਜਵਾਨੀ 'ਚ ਮੌਤ ਹੋ ਗਈ ਸੀ। ਜਿਸ ਕਾਰਨ ਘਰੇਲੂ ਹਾਲਾਤ ਵਿਗੜ ਗਏ। ਮਾਤਾ ਪਿਤਾ ਤੋਂ ਜੁਆਨ ਪੁੱਤ ਦਾ ਵਿਛੋੜਾ ਸਹਿਣ ਨਾ ਹੋਇਆ ਤੇ ਉਹ ਵੀ ਉਸਦੇ ਵਿਯੋਗ 'ਚ ਸੰਸਾਰ ਤੋਂ ਤੁਰ ਗਏ। ਪ੍ਰਕਾਸ਼ ਦੀ ਹਾਲਤ ਕੱਟੇ ਹੋਏ ਖੰਭਾਂ ਵਾਲੇ ਪੰਛੀ ਜਿਹੀ ਹੋ ਗਈ। ਨੌਵੀਂ ਕਲਾਸ 'ਚ ਪੜ੍ਹਦੇ ਨੇ ਹੀ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਿਹੜੇ ਟਿਊਸ਼ਨ ਕਰਕੇ ਦੋ ਰੁਪਏ ਕਮਾਉਂਦਾ ਉਸ ਨਾਲ ਹੀ ਸਕੂਲ ਦੀ ਫੀਸ ਭਰਦਾ। ਇੰਨੀ ਛੋਟੀ ਉਮਰ ਵਿੱਚ ਇੱਡਾ ਵੱਡਾ ਭਾਰ, ਸੱਚੀਂ ਬਹੁਤ ਹੀ ਪਾਗਲ ਹੋਣ ਵਾਲੇ ਹਾਲਾਤ ਬਣ ਗਏ। ਰਿਸ਼ਤੇਦਾਰ ਵੀ ਦੁਸ਼ਮਣ ਬਣ ਗਏ। ਮਾੜੇ ਹਾਲਾਤਾਂ ਕਾਰਨ, ਉਸਦੇ ਆਪਣੇ ਵੀ ਸਾਥ ਛੱਡ ਗਏ। ਪਰ ਕਵਿਤਾ ਨੇ ਪ੍ਰਕਾਸ਼ ਦਾ ਸਾਥ ਦਿੱਤਾ। ਉਹ ਲਿਖਦਾ ਹੈ:

*ਗੈਰਾਂ ਦੇ ਹਾਸੇ*
*ਮੇਰੇ ਨਾਲ ਦੂਰ ਤਾਈਂ ਆ ਗਏ*
*ਜਦ ਉਹਨਾਂ ਦੀ ਮਹਿਫਿਲ 'ਚੋਂ*
*ਮੈਨੂੰ 'ਕੱਲਾ ਉਠਾਇਆ ਗਿਆ*
*ਮੇਰੀ ਕੀ ਹਸਤੀ 'ਸਾਥੀ'*
*ਸ਼ੇਅਰ ਮੈਂ ਲਿਖਦਾ ਰਹਾਂ*
*ਮੈਂ ਉਹੀਓ ਈ ਲਿਖਦਾ ਰਿਹਾ*
*ਜੋ ਮੈਥੋਂ ਲਿਖਵਾਇਆ ਗਿਆ।*

ਉੱਪਰ ਆਈਆਂ ਸਤਰਾਂ '*ਮੈਂ ਉਹੀਓ ਈ ਲਿਖਦਾ ਰਿਹਾ, ਜੋ ਮੈਥੋਂ ਲਿਖਵਾਇਆ ਗਿਆ।*' ਤੋਂ ਅਚਾਨਕ ਸਾਹਿਰ ਲੁਧਿਆਣਵੀ ਯਾਦ ਆਉਂਦੇ ਨੇ। ਕਵੀਆਂ\ਸ਼ਾਇਰਾਂ\ਗੀਤਕਾਰਾਂ ਦੀ ਹੋਣੀ ਦੇ ਅਨੇਕਾਂ ਖ਼ੁਸ਼ਮਿਜਾਜ਼ ਤੇ ਗ਼ਮਗੀਨ ਲਮਹੇ ਇੱਕ-ਦੂਸਰੇ ਦੀਆਂ ਅਦਿੱਖ ਅਤੇ ਅੰਦਰੂਨੀ ਪਰਤਾਂ ਨਾਲ਼ ਖਹਿ-ਖਹਿ ਕੇ ਲੰਘਦੇ ਹਨ। ਸ਼ਾਇਦ ਇਹਨਾਂ ਸਭਨਾਂ ਦਾ ਜਿਓਣ-ਮਰਨ, ਕਿਸੇ ਨਾ ਕਿਸੇ ਸਤਰ ਉੱਤਲੀ ਮਾੜੀ-ਮੋਟੀ ਵਾਧ-ਘਾਟ ਨਾਲ਼ ਇੱਕੋ ਜਿਹਾ ਹੀ ਰਹਿੰਦਾ ਹੈ। ਸਾਹਿਰ ਲੁਧਿਆਣਵੀ ਸਾਹਿਬ (ਅਜ਼ੀਮ ਸ਼ਾਇਰ ਅਤੇ ਫ਼ਿਲਮੀ ਨਗ਼ਮਾਨਿਗਾਰ) ਆਪਣੀ ਕਿਤਾਬ 'ਤਲਖ਼ੀਆਂ' ਦੇ ਸ਼ੁਰੂ ਵਿੱਚ ਕਹਿੰਦੇ ਨੇ:

*"ਦੁਨੀਆਂ ਨੇ ਤਜਰਬਾਤ-ਓ-ਹਵਾਦਿਸ ਕੀ ਸ਼ਕਲ ਮੇਂ*
*ਜੋ ਕੁਛ ਮੁਝੇ ਦੀਆ ਹੈ, ਵੁਹ ਲੌਟਾ ਰਹਾ ਹੂੰ ਮੈਂ"*

ਚੱਲੋ, ਖੈਰ! ਸੰਤਾਲੀ ਦੀ ਵੰਡ ਤੋਂ ਬਾਅਦ, ਪ੍ਰਕਾਸ਼ ਸਾਥੀ ਦਿੱਲੀ ਆ ਗਿਆ। ਇੱਥੇ ਆ ਕੇ ਉਸਨੇ, ਦਿੱਲੀ ਕਲਾਥ ਮਿੱਲ 'ਚ ਨੌਕਰੀ ਕਰ ਲਈ। 22 ਅਗਸਤ 1954 ਨੂੰ ਕੀਰਤੀ ਨਗਰ ਦਿੱਲੀ ਦੀ ਚੰਦਰ ਕਾਂਤਾ ਉਸਦੀ ਜੀਵਨ ਸਾਥਣ ਬਣੀ। 1954 ਵਿੱਚ ਹੀ ਪਹਿਲੀ ਵਾਰ ਪ੍ਰਕਾਸ਼ ਸਾਥੀ ਨੇ ਪ੍ਰੇਮ ਨਾਥ (ਪੀ. ਐਨ. ਫਿਲਮਜ਼) ਦੀ ਹਿੰਦੀ ਫਿਲਮ 'ਗੋਲਕੁੰਡਾ ਕਾ ਕੈਦੀ' ਦੇ ਗੀਤ ਲਿਖੇ। ਇਹਨਾਂ ਗੀਤਾਂ ਨੂੰ ਮੁਹੰਮਦ ਰਫੀ ਅਤੇ ਗੀਤਾ ਦੱਤ ਜਿਹੇ ਕਲਾਕਾਰਾਂ ਨੇ ਆਵਾਜ਼ਾਂ ਦਿੱਤੀਆਂ।

ਸਮਾਜ ਦੇ ਵੱਖ ਵੱਖ ਸਰੋਕਾਰਾਂ ਪ੍ਰਤੀ ਸਾਥੀ ਦੀ ਪਹੁੰਚ ਵਿਵਹਾਰਕ ਤੇ ਸਿਰਜਣਾਤਮਕ ਸੀ। ਉਹ ਆਪਣੇ ਵਿਸ਼ਿਆਂ ਨੂੰ ਬੁੱਧੀ ਦੀ ਸਾਣ 'ਤੇ ਲਾ ਕੇ ਤਿੱਖੇ ਕਰਦਿਆਂ, ਇਹਨਾਂ ਨੂੰ ਸ਼ਬਦਾਂ ਦੀ ਜਾਦੂਗਰੀ, ਖ਼ੂਬਸੂਰਤ ਮੁਹਾਵਰਿਆਂ ਅਤੇ ਭਾਸ਼ਾ ਦੀ ਸੂਖ਼ਮਤਾ ਨਾਲ ਸ਼ਿੰਗਾਰਦਾ ਤੇ ਨਿਖਾਰਦਾ ਰਿਹਾ। ਕਵਿਤਾ ਦੇ ਖੇਤਰ 'ਚ ਬਹੁਮੁੱਲਾ ਯੋਗਦਾਨ ਪਾਉਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਪੀ. ਵੀ. ਨਰਸਿਮਾ ਰਾਓ ਨੇ 20 ਅਗਸਤ 1991 ਨੂੰ ਪ੍ਰਕਾਸ਼ ਸਾਥੀ ਨੂੰ ਸਨਮਾਨਿਤ ਕੀਤਾ। 1970 ਵਿੱਚ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ 'ਚ ਇਕ ਰਿਕਾਰਡ ਐਚ. ਐਮ. ਵੀ. ਕੰਪਨੀ ਨੇ ਬਣਾਇਆ। ਜਿਸਦਾ ਲੜੀ ਨੰਬਰ ECSD2462 ਹੈ। ਇਸ ਰਿਕਾਰਡ ਵਿੱਚ ਆਸਾ ਸਿੰਘ ਮਸਤਾਨਾ ਦੀ ਪ੍ਰਕਾਸ਼ ਸਾਥੀ ਦੁਆਰਾ ਲਿਖੀ ਗਜ਼ਲ ਨੇ ਖੂਬ ਤਰਥੱਲੀ ਪਾਈ:

*ਮੈਂ ਦੂਰ ਚਲਾ ਜਾਵਾਂਗਾ ਜਦੋਂ, ਆਪਣੇ ਬੇਗਾਨੇ ਢੂੰਡਣਗੇ*
*ਅੱਜ ਮੈਨੂੰ ਦੀਵਾਨਾ ਕਹਿੰਦੇ ਨੇ, ਕੱਲ੍ਹ ਇਹੋ ਦੀਵਾਨੇ ਢੂੰਡਣਗੇ*

ਇਹ ਸ਼ੇਅਰ ਤਾਂ ਮਸਤਾਨਾ ਜੀ ਦੀ ਆਵਾਜ਼ ਵਿੱਚ ਆਪਾਂ ਸਭ ਨੇ ਸੁਣੇ ਹੀ ਹਨ, ਇਸ ਦੇ ਜੋ ਸ਼ੇਅਰ ਰਿਕਾਰਡ ਨਹੀਂ ਹੋਏ, ਉਹ ਵੀ ਮੈਂ ਸਾਂਝੇ ਕਰ ਰਿਹਾ ਹਾਂ:

*ਮੇਰੇ ਬਾਅਦ ਸ਼ਮਾਂ ਜਦ ਮਹਿਫਿਲ ਦੀ, ਬਲ ਬਲ ਕੇ ਸੁਆਹ ਹੋ ਜਾਵੇਗੀ*
*ਉਸ ਵੇਲੇ ਸੁਆਹ ਦੀ ਢੇਰੀ 'ਚੋਂ, ਮੈਨੂੰ ਪਰਵਾਨੇ ਢੂੰਡਣਗੇ*

*ਉਹ ਰੋਣਗੇ ਮੇਰੀ ਹਾਲਤ 'ਤੇ, ਮੈਂ ਉਹਨਾਂ ਦੀ ਮਜ਼ਬੂਰੀ 'ਤੇ*
*ਜ਼ਦ ਨਬਜ਼ ਹੱਥਾਂ ਵਿੱਚ ਫੜ੍ਹ-ਫੜ੍ਹ ਕੇ, ਮੇਰਾ ਰੋਗ ਦੀਵਾਨੇ ਢੂੰਡਣਗੇ*

*ਜਦ ਸਾਉਣ ਦਿਆਂ ਬੱਦਲਾਂ ਉਹਲੇ, ਸੱਤਰੰਗੀ ਪੀਂਘ ਪਈ 'ਸਾਥੀ'*
*ਉਸ ਵੇਲੇ ਉਹ ਫੁੱਟ-ਫੁੱਟ ਰੋਣ ਲਈ, ਗੱਲ-ਗੱਲ ਤੇ ਬਹਾਨੇ ਢੂੰਡਣਗੇ*

ਜਿੱਥੇ ਉਹ ਉੱਚ ਪਾਏ ਦੇ ਗੀਤਕਾਰ ਤੇ ਗਜ਼ਲਗੋ ਹੋਏ, ਉੱਥੇ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਅਤੇ ਟੈਲੀਵਿਜ਼ਨ ਲਈ ਬਹੁਤ ਸਾਰੇ ਇਕਾਂਗੀ, ਪੂਰੇ ਨਾਟਕ ਤੇ ਸੰਗੀਤਕ ਨਾਟਕਾਂ ਦੀ ਨਿਰਦੇਸ਼ਨਾਂ ਵੀ ਕੀਤੀ। ਉਨ੍ਹਾਂ ਦੇ ਬਹੁਤ ਸਾਰੇ ਗੀਤ ਫਿਲਮਾਂ ਵਿੱਚ ਵੀ ਰਿਕਾਰਡ ਹੋਏ। ਝਾਂਜਰ, ਕੁਮਾਰੀ, ਕੁੜੀ ਪੰਜਾਬ ਦੀ, ਤੇਰਾ ਜਵਾਬ ਨਹੀਂ, ਦਰਾਣੀ ਜਠਾਣੀ ਅਤੇ ਪ੍ਰਦੇਸੀ ਬਾਬੂ ਪੰਜਾਬੀ ਫਿਲਮਾਂ ਦੇ ਗੀਤ ਲਿਖੇ। 'ਸਤਲੁਜ ਦੇ ਕੰਢੇ' ਨੂੰ ਤਾਂ ਰਾਸ਼ਟਰਪਤੀ ਐਵਾਰਡ ਵੀ ਮਿਲਿਆ ਸੀ।

*ਖੁਸ਼ੀਆਂ ਮਨਾਓ ਦੂਰ ਵਤਨ ਸੇ ਗੈਰੋਂ ਕਾ ਸਾਇਆ ਹੋ ਗਯਾ*
*ਗਈ ਗਮੋਂ ਕੀ ਰਾਤ, ਖੁਸ਼ੀ ਕਾ ਆਜ ਸਵੇਰਾ ਹੋ ਗਯਾ*

ਆਵਾਜ਼- ਮੁਹੰਮਦ ਰਫੀ

*ਬਹਾਰੇਂ ਲਾਨੇ ਵਾਲੇ ਹੈਂ, ਮੇਰੇ ਹੋ ਜਾਨੇ ਵਾਲੇ ਹੈਂ*
*ਮੇਰੇ ਮਨ ਚਾਹੇ ਬਾਲਮਵਾ*
*ਖੁਸ਼ੀ ਸੇ ਨਾਚ ਰਹਾ ਮਨਵਾ*

ਆਵਾਜ਼- ਗੀਤਾ ਦੱਤ

*ਓ ਮਾਲਿਕ ਕਿਆ ਰੰਗ ਦਿਖਾਏ*
*ਉੱਜੜ ਗਏ ਘਰ ਵਸੇ ਵਸਾਏ*

ਆਵਾਜ਼- ਗੀਤਾ ਦੱਤ

ਇਸ ਤੋਂ ਬਾਅਦ ਸਾਥੀ ਨੇ 'ਰਾਤ ਕੇ ਰਾਹੀ' ਅਤੇ 'ਨਯਾ ਸਵੇਰਾ' ਹਿੰਦੀ ਫਿਲਮਾਂ ਦੇ ਗੀਤ ਵੀ ਲਿਖੇ। 1960 ਵਿੱਚ ਸਾਥੀ ਦੀ ਪੰਜਾਬੀ ਭਾਸ਼ਾ ਪ੍ਰਤੀ ਸੇਵਾ ਨੂੰ ਦੇਖਦੇ ਹੋਏ ਉਸਨੂੰ ਪੰਜਾਬ ਸਰਕਾਰ ਨੇ ਨਕਦ ਰਾਸ਼ੀ ਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਸਾਥੀ ਨੇ ਕਈ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ। ਜਿਹਨਾਂ ਵਿੱਚ ਪਿਆਸੇ ਜਾਮ, ਰੁਲਦੇ ਮੋਤੀ, ਦਰਪਣ ਦਿਲ ਦਾ, ਸਦਕੇ ਤੇਰੇ ਹਾਸੇ ਤੋਂ, ਯਾਦਾਂ ਜਾਗ ਪਈਆਂ, ਖੁਸ਼ੀ ਦੇ ਹੰਝੂ, ਅਣਵਿੱਧੇ ਮੋਤੀ ਸ਼ਾਮਿਲ ਹਨ।

ਸਾਥੀ ਦੇ ਨਾਟਕ ਚਾਨਣ ਚਿਰਾਗ, ਨਵੀਆਂ ਰਾਹਾਂ, ਇਨਸਾਫ, ਗੋਰੀ ਦਿਲ ਦੀ ਕੋਰੀ, ਦੁੱਧ ਪੀਓ ਕੱਜ ਕੇ, ਇਸ਼ਕੇ ਦੀ ਮਾਰੀ ਰਾਮਪਿਆਰੀ ਪੰਜਾਬੀ ਸਾਹਿਤ ਵਿੱਚ ਨਿਵੇਕਲਾ ਸਥਾਨ ਰੱਖਦੇ ਹਨ। 'ਇਨਸਾਫ' ਨੂੰ ਤਾਂ ਪੰਜਾਬੀ ਅਕਾਦਮੀ ਦਿੱਲੀ ਨੇ 1986 ਵਿੱਚ ਸਰਵੋਤਮ ਨਾਟਕ ਐਲਾਨਿਆ। ਇਸਦੇ ਨਾਲ ਹੀ ਪੰਜਾਬੀ ਇਕਾਂਗੀਆਂ ਮਹਿਮਾਨ, ਕਵਿਤਾ ਦਾ ਮੁੱਲ, ਨਵੀਂ ਰਾਹ, ਦੁੱਖੀ ਰਾਮ-ਸੁੱਖੀ ਰਾਮ, ਰੁਕਾਵਟ ਕੇ ਲੀਏ ਖੇਦ ਹੈ, ਇੰਟਰਵਿਊ, ਤਵੀਤ ਵੀ ਬਹੁਤ ਚਰਚਿਤ ਰਹੀਆਂ। ਸਾਥੀ ਨੂੰ ਭੂਮਿਕਾ ਪੁਰਸਕਾਰ, ਘਈ ਪੁਰਸਕਾਰ, ਪੀ. ਸੀ. ਪੁਰਸਕਾਰ, ਸਖਾ ਪੁਰਸਕਾਰ ਤੇ ਕਲਾ ਸ੍ਰੀ ਪੁਰਸਕਾਰ ਨਾਲ ਸਨਮਾਨਿਆ ਗਿਆ। 1980 ਵਿੱਚ ਉਸਨੂੰ ਸਰਵੋਤਮ ਨਾਟਕ ਲੇਖਕ ਵਜੋਂ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਵਸੰਤ ਸਾਠੇ ਵਲੋਂ ਸਨਮਾਨਿਤ ਕੀਤਾ ਗਿਆ।

1978 ਵਿੱਚ ਅੰਤਰਰਾਸ਼ਟਰੀ ਪੰਜਾਬੀ ਸਭਾ ਲੰਡਨ ਨੇ ਸਾਥੀ ਨੂੰ ਇੰਗਲੈਂਡ ਬੁਲਾ ਕੇ ਸਨਮਾਨਿਤ ਕੀਤਾ। ਉੱਥੇ ਬੀ. ਬੀ. ਸੀ. ਰੇਡੀਓ ਤੇ ਟੈਲੀਵਿਜ਼ਨ 'ਤੇ ਸਾਥੀ ਨਾਲ ਮੁਲਾਕਾਤਾਂ ਦੇ ਪ੍ਰਸਾਰਣ ਹੋਏ। ਇਸ ਤੋਂ ਇਲਾਵਾ ਉਹਨਾਂ ਨੇ ਹਾਲੈਂਡ, ਜਰਮਨੀ, ਆਸਟ੍ਰੇਲੀਆ, ਸਵਿਟਜਰਲੈਂਡ, ਫਰਾਂਸ, ਰੂਸ, ਸਿੰਘਾਪੁਰ ਤੇ ਮਲੇਸ਼ੀਆ ਦੀ ਵੀ ਯਾਤਰਾ ਕੀਤੀ।

1979 ਵਿੱਚ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਰਿਕਾਰਡ ਹੋਏ ਸਾਥੀ ਦੇ ਗੀਤ

*ਵਿਛੜੇ ਚਿਰਾਂ ਤੋਂ ਮੈਨੂੰ ਸੁਪਨੇ 'ਚ ਮਿਲ ਗਏ*
*ਆਇਆ ਉਨ੍ਹਾਂ ਦਾ ਨਾਂ ਮੇਰੇ ਅੱਥਰੂ ਨਿਕਲ ਗਏ*
*ਅਤੇ*
*ਦਿਲ ਸੋਹਲ ਨਾ ਗੁੱਸੇ ਵਿੱਚ ਬੋਲੀਂ*
*ਸੱਜਣਾਂ ਮੈਂ ਹੱਥ ਜੋੜਦੀ*

ਪ੍ਰਕਾਸ਼ ਸਾਥੀ ਦੇ ਇਹ ਗੀਤ ਸਦਾਬਹਾਰ ਗੀਤ ਹਨ। 26 ਅਕਤੂਬਰ 1992 ਨੂੰ ਨਵੀਂ ਦਿੱਲੀ ਦੇ ਕਾਮਿਨੀ ਆਡੀਟੋਰੀਅਮ ਵਿੱਚ ਜਦੋਂ ਪ੍ਰਕਾਸ਼ ਸਾਥੀ ਜੀ ਆਪਣੇ ਹੀ ਨਾਟਕ ਦੀ ਪੇਸ਼ਕਾਰੀ ਦੇਖ ਰਹੇ ਸਨ ਤਾਂ ਉਹਨਾਂ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਇਸ ਦੌਰੇ ਨੇ ਪੰਜਾਬੀ ਜ਼ੁਬਾਨ ਦਾ ਇਕ ਬਹੁਪੱਖੀ ਕਲਾਕਾਰ ਸਾਥੋਂ ਹਮੇਸ਼ਾ ਲਈ ਖੋਹ ਲਿਆ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# Billboard ਹੈ ਕੀ ਤੇ ਕਿਵੇਂ ਹੋਈ Billboards Charts ਦੀ ਸ਼ੁਰੂਆਤ ?




Billboard ਨਿਊਯਾਰਕ ਸ਼ਹਿਰ ਤੋਂ ਛਪਦੇ ਸੰਗੀਤ ਤੇ ਮਨੋਰੰਜਨ ਜਗਤ ਦਾ ਇੱਕ ਬਹੁਤ ਹੀ ਮਸ਼ਹੂਰ ਤੇ ਰਸੂਖਦਾਰ ਮੈਗਜੀਨ ਹੈ।ਇਸਦੀ ਸ਼ੁਰੂਆਤ 130 ਵਰ੍ਹੇ ਪਹਿਲਾਂ 1894'ਚ ਅਮਰੀਕਾ ਦੇ ਹੀ ਸਿਨਸਿਨਾਟੀ ਸ਼ਹਿਰ ਤੋਂ ਹੋਈ ਤੇ ਸ਼ੁਰੂਆਤ'ਚ ਇਸ ਦਾ ਫੋਕਸ ਐਡਵਰਟਾਇਜ਼ਗ 'ਤੇ ਸੀ।ਹੌਲੀ-ਹੌਲੀ ਇਸਨੇ ਅਮਰੀਕਾ ਦੀ entertainment industry ਚ ਬਹੁਤ ਹੀ ਅਹਿਮ ਸਥਾਨ ਬਣਾ ਲਿਆ।

Billboard ਨੇ ਸੰਗੀਤ ਨੂੰ ਹੋਰ ਪਹਿਲ ਦਿੰਦਿਆਂ ਆਪਣੇ ਰਸਾਲੇ'ਚ ÓHit Parade' ਦੇ ਨਾਮ ਹੇਠ ਸਭ ਤੋਂ ਮਸ਼ਹੂਰ ਤੇ ਵਿਕਰੀ ਵਾਲੀਆਂ ਰਿਕਾਰਡਿਗਾਂ ਦੀ ਰੈਂਕਵਾਈਜ਼ ਲਿਸਟ 4 ਜਨਵਰੀ 1936 ਨੂੰ ਛਾਪੀ।ਪਹਿਲੇ ਮਿਊਜ਼ਕ ਚਾਰਟ ਦੀ ਗਣਨਾ 1940'ਚ ਕੀਤੀ ਗਈ ਤੇ 1958' ਤੱਕ ਇਸ ਨੇ ਵਿਵਸਥਿਤ ਰੂਪ'ਚ ਬਿਲਬੋਰਡ ਦੇ ÓTop 100' ਚਾਰਟ ਵਜੋਂ ਆਪਣੀ ਪਛਾਣ ਬਣਾ ਲਈ।ਵਰਤਮਾਨ ਸਮੇਂ Billboard ਦਰਜ਼ਨਾਂ ਚਾਰਟ ਅਮਰੀਕੀ ਕੰਪਨੀ Next Big Sound(NBS) ਦੁਆਰਾ ਮੁਹੱਈਆ ਕਰਵਾਏ analytics ਦੇ ਆਧਾਰ'ਤੇ ਹਰ ਹਫ਼ਤੇ ਦਰਜ਼ਨਾਂ ਚਾਰਟ ਜਾਰੀ ਕਰਦਾ ਹੈ,ਜੋ ਆਨਲਾਈਨ ਸਟੀਰਮਿਗ,ਸੋਸ਼ਲ ਨੈੱਟਵਰਕਾਂ ਤੇ ਰੇਡੀਓ'ਤੇ ਆਰਟਿਸਟਾਂ ਦੀ ਪ੍ਰਸਿੱਧੀ'ਤੇ ਆਧਾਰਿਤ ਹੁੰਦੀ ਹੈ।ਇਹਨਾਂ ਚਾਰਟਾਂ'ਚ ਪ੍ਰਮੁੱਖ ਹਨ:-

The Billboard Hot A@@(US 'ਚ ਰਿਕਾਰਡ ਹੋਏ ਟਾਪ 100 ਗੀਤ)
Billboard 200(US 'ਚ ਰਿਕਾਰਡਡ ਟਾਪ ਐਲਬਮਾਂ ਤੇ EPs)
Bubbling Under 100 Singles(ਜੋ ਅਜੇ The Billboard Hot 100'ਚ ਜਗ੍ਹਾ ਨਹੀਂ ਬਣਾ ਸਕੇ ਪਰ ਬਹੁਤ ਮਸ਼ਹੂਰ ਹਨ)
The Billboard Social 50 (ਸੋਸ਼ਲ ਨੈੱਟਵਰਕਾ'ਤੇ ਸਭ ਤੋਂ ਐਕਟਿਵ/ਟਰੈਂਡ'ਚ ਰਹਿਣ ਵਾਲੇ ਆਰਟਿਸਟ)
Top Thriller Global Chart (ਵਿਸ਼ਵ ਪੱਧਰ'ਤੇ ਧੁੰਮ ਨਚਾ ਦੇਣ ਵਾਲੇ ਆਰਟਿਸਟ)

ਇਸ ਤੋਂ ਇਲਾਵਾ ਹੇਠ ਲਿਖੇ ਵੱਖ-ਵੱਖ ਦੇਸ਼ਾਂ'ਚ ਰਿਕਾਰਡ ਹੋਏ ਆਰਟਿਸਟਾਂ ਲਈ ਲਈ Billboard ਅਲਹਿਦਾ ਵੀ ਚਾਰਟ ਜਾਰੀ ਕਰਦਾ ਹੈ:-

The Billboard Canadian Hot 100
The Billboard Argentina Hot 100
The Billboard Japan Hot 100
Billboard Vietnam Hot 100
Billboard Indonesia
Billboard Brazil

ਵੱਖਰੇ ਵੱਖਰੇ ਜੋਨਰਾਂ ਜਿਵੇਂ ਜੈਜ਼, R &B ,Rap, Billboard Latin, Billboard Dance ਜਿਹੇ ਚਾਰਟ ਵੀ ਜਾਰੀ ਹੁੰਦੇ ਹਨ।

ਵੱਖ-ਵੱਖ ਬਿਲਬੋਰਡ ਚਾਰਟਾਂ'ਚ ਥਾਂ ਬਣਾਉਣ ਵਾਲੇ ਪ੍ਰਮੁੱਖ ਭਾਰਤੀ ਆਰਟਿਸਟਾਂ 'ਚ AR Rahman, ਅਰਮਾਨ ਮਲਿਕ,ਅਕਾਸ਼ ਆਹੂਜਾ AP Mukherjee, Divine, Tiger Shroff (ਹਾਂ ਉਹ ਗਾਉਂਦਾ ਵੀ ਹੈ) ਸ਼ਾਮਲ ਹਨ।

ਪੰਜਾਬੀ ਗਾਇਕਾਂ ਚ ਸਭ ਤੋਂ ਵੱਧ ਤੂਤੀ ਸਿੱਧੂ ਮੂਸੇ ਵਾਲੇ ਦੀ ਬੋਲੀ ਹੈ,ਉਹ ਜਿਉਂਦੇ ਜੀਅ ਤਾਂ ਇੱਥੇ ਗੂੰਜਦਾ ਰਿਹਾ ਹੀ,ਮਰ ਕੇ ਵੀ ਵੱਖ-ਵੱਖ ਬਿਲਬੋਰਡ ਚਾਰਟਾਂ'ਚ ਧੁੰਮਾਂ ਪਾਉਣੀਆਂ ਬੰਦ ਨਹੀਂ ਕੀਤੀਆਂ ਹਨ।ਉਸ ਦਾ ਅੱਜ-ਕੱਲ੍ਹ ਸਨੀ ਮਾਲਟਨ ਨਾਲ '410' ਵੀ Hot A@@ Canadian ਚ ਟਰੈਂਡ ਕਰ ਰਿਹਾ ਹੈ।

ਹੇਠਾਂ ਲਿਖੇ ਪ੍ਰਮੁੱਖ ਪੰਜਾਬੀ ਗਾਇਕਾਂ ਨੇ ਹੁਣ ਤੱਕ ਆਮ ਤੌਰ 'ਤੇ Canadian Hot 100, ਤੇ Top Thriller, Global Top Social ਬਿਲਬੋਰਡ ਚਾਰਟਾਂ'ਚ ਹੀ ਜਗ੍ਹਾਂ ਬਣਾਈ ਹੈ।ਇਹਨਾਂ'ਚ ਸ਼ਾਮਲ ਹਨ:

ਦਿਲਜੀਤ ਦੁਸਾਂਝ, ਗੁਰੂ ਰੰਧਾਵਾ, ਸ਼ੁਭ,ਕਰਨ ਔਜਲਾ, ਹਨੀ ਸਿੰਘ, ਬਾਦਸ਼ਾਹ, AP Dhillon, ਜਸ ਮਾਨਕ

Jacknama - ਜੈਕਨਾਮਾ




*ਰਿਸ਼ਤੇ ਘਰਾਂ ਜਾਂ ਦਰਾਂ ਦੇ ਨਹੀਂ, ਜੜ੍ਹਾਂ ਦੇ ਹੁੰਦੇ ਨੇ।*
*ਛੱਤਾਂ ਜਾਂ ਕੰਧਾਂ ਦੇ ਨਹੀਂ, ਸੰਬੰਧਾਂ ਦੇ ਹੁੰਦੇ ਨੇ।*
*ਸਾਕਾਂ ਜਾਂ ਸਕੀਰੀ ਦੇ ਨਹੀਂ, ਫ਼ਕੀਰੀ ਦੇ ਹੁੰਦੇ ਨੇ।*
*ਨਹੁੰ ਤੇ ਮਾਸ ਦੇ ਨਹੀਂ, ਵਿਸ਼ਵਾਸ ਦੇ ਹੁੰਦੇ ਨੇ।*

ਬੱਚੇ ਦੀ ਇਸ ਜੱਗ ਤੇ ਆਮਦ ਨਾਲ ਹੀ ਰਿਸ਼ਤਿਆਂ ਦੀਆਂ ਤੰਦਾਂ ਪਸਰਨ ਲੱਗਦੀਆਂ ਹਨ। ਇਨ੍ਹਾਂ ਸਾਂਝਾਂ ਦਾ ਅਧਾਰ ਚਾਹੇ ਆਪਸੀ ਮੋਹ ਤੇਹ ਹੋਵੇ, ਲੋੜਾਂ ਥੋੜ੍ਹਾਂ ਜਾਂ ਨਿੱਤ ਦੀਆਂ ਗਰਜਾਂ ਹੀ ਕਿਉਂ ਨਾ ਹੋਣ। ਹਰ ਸੀਨੇ ਅੰਦਰ ਨਾਲ ਨਿਭਦੇ ਲੋਕਾਂ ਦੇ ਮੇਲੇ ਜੁੜਦੇ ਅਤੇ ਵਿੱਚ ਤੜਦੇ ਹਨ। ਅਸੀਂ ਉਮਰ ਭਰ ਕਿੰਨੇ ਹੀ ਰਿਸ਼ਤੇ ਬਣਾਉਂਦੇ, ਹੰਢਾਉਂਦੇ ਅਤੇ ਪੁਗਾਉਂਦੇ ਹਾਂ। ਜਿਹੜੇ ਨਾਲ ਨਿਭਣ ਉਹ ਰਿਸ਼ਤੇ ਤੇ ਜੋ ਦੁੱਖ ਵੇਲੇ ਆ ਖੜ੍ਹਨ, ਉਹ ਫਰਿਸ਼ਤੇ ਹੁੰਦੇ ਹਨ। ਸਮਾਜ ਵਿਗਿਆਨੀ ਦੋ ਤਰ੍ਹਾਂ ਦੇ ਰਿਸ਼ਤੇ ਦੱਸਦੇ ਹਨ ਇੱਕ ਉਹ ਜੋ ਵਿਰਾਸਤੀ ਹਨ ,ਜੋ ਖ਼ੂਨ ਤੋਂ ਮਿਲਦੇ ਹਨ ,ਉਹ ਪ੍ਰਵਾਨਿਤ ਹੁੰਦੇ ਹਨ। ਦੂਜੇ ਉਹ ਜੋ ਅਸੀਂ ਆਪ ਬਣਾਉਂਦੇ ਜਾਂ ਕਮਾਉਂਦੇ ਹਾਂ , ਕਈ ਵਾਰ ਅਪ੍ਰਵਾਨਿਤ ਵੀ ਹੋ ਜਾਂਦੇ ਹਨ। ਕਿਹਾ ਜਾਂਦਾ ਹੈ ਰੱਬ ਖ਼ੂਨ ਦੇ ਰਿਸ਼ਤੇ ਬਨਾਉਣ ਸਮੇਂ ਸ਼ਾਮਿਲ ਕਰਨਾ ਭੁੱਲਜੇ ਉਹ ਦੋਸਤ ਹੈ। ਕਦੇ ਕਦੇ ਜੱਗ ਨਾਲ ਪੈਂਦੇ ਵਾਹ ਅਨੁਸਾਰ ਸਹਿਜੇ ਹੀ ਆ ਮਿਲਦੇ ਹਨ। ਰਿਸ਼ਤੇ ਨਿਭਾਉਂਦੇ ਸਮੇਂ ਕਈ ਟੇਢਾਂ ਵੀ ਉੱਗ ਪੈਂਦੀਆਂ ਹਨ, ਕਈ ਗੱਠਾਂ ਪੈ ਜਾਂਦੀਆਂ ਹਨ ਜਾਂ ਉਲਝਣਾਂ ਪੈ ਜਾਂਦੀਆਂ ਹਨ ਜਿੱਥੇ ਪ੍ਰਾਣਾਂ ਤੋਂ ਪਿਆਰੇ ਹੀ ਪ੍ਰਾਣਾਂ ਦੇ ਪਿਆਸੇ ਜਾ ਬਣਦੇ ਹਨ। ਗਰਜ ਪੂਰੀ ਹੋਣ ਸਾਰ ਜੇ ਕੋਈ ਵਿਸ਼ਵਾਸ ਤੋੜ ਜਾਏ, ਕਿਸੇ ਦੇ ਸੀਨੇ ਰੜਕਦੇ ਕੁਰੱਖਤ ਬੋਲ ਜਾਂ ਅਮਾਨਤ ਵਿੱਚ ਕੀਤੀ ਖਿਆਨਤ ਕਰਕੇ ਵੀ ਰਿਸ਼ਤਾ ਉਲਝ ਜਾਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਰਿਸ਼ਤੇ ਕੁਦਰਤੀ ਮੌਤ ਨਹੀਂ ਮਰਦੇ , ਕਈ ਕਾਰਣ ਬਣਦੇ ਹਨ ਰਿਸ਼ਤੇ ਦੇ ਕਤਲ ਹੋਣ ਪਿੱਛੇ। ਕੋਈ ਸੀਨੇ ਪਲੀ ਸਾਂਝ ਜਦੋਂ ਧੋਖੇ ਨਾਲ ਪਿੱਠ ਮੋੜ ਲਏ, ਸੱਚਾ ਪਿਆਰ ਕਰਨ ਵਾਲਾ ਖੂਨ ਦੇ ਹੰਝੂ ਰੋਂਦਾ ਹੈ। ਕਈ ਵਾਰ ਖ਼ੂਨ ਦੇ ਰਿਸ਼ਤੇ ਵਸਤਾਂ ਦੇ ਆਖੇ ਲੱਗ ਪਿੱਛੇ ਹਟਦੇ ਹਨ। ਕਈ ਵਾਰੀ ਵਿਰਾਸਤੀ ਰਿਸ਼ਤੇ ਕੰਡਿਆਲੀ ਵਾੜ ਬਣਦੇ ਸੱਪ ਕੁੰਡਲੀ ਮਾਰ ਲੈਂਦੇ ਹਨ। ਜਾਂ ਇੱਕ ਲਛਮਣ ਰੇਖਾ ਵਾਹ ਧਰਦੇ ਹਨ ਜਾਂ ਅਮਰਵੇਲ ਵਾਂਗ ਸਾਡਾ ਲਹੂ ਪੀ ਜਾਂਦੇ ਹਨ। ਦੁੱਭਰ ਹੋਇਆ ਜੀਵਨ ਸਾਹ ਨਾੜੀ ਵਿੱਚ ਚੁਭਦਾ ਹੈ। ਰਿਸ਼ਤਿਆਂ ਵਿੱਚ ਲਾ ਨਿੰਘ ਖੁਰਨ ਲੱਗਦਾ ਹੈ ਤਾਂ ਅਰਥ ਬਦਲਦੇ ਹਨ। ਸਾਡੀ ਸਮਝ ਤੋਂ ਪਾਰ ਹੋ ਜਾਂਦਾ ਹੈ ਕਿ

*ਹਮੇਂ ਤੋ ਆਦਤ ਥੀ ਰਿਸ਼ਤੋਂ ਮੇਂ ਸ਼ੱਕਰ ਕੀ ਤਰਹਿ ਘੁਲ ਮਿਲ ਜਾਨੇ ਕੀ,*
*ਜ਼ਮਾਨਾ ਕਬ ਸ਼ੂਗਰ ਫਰੀ ਹੋ ਗਿਆ ਪਤਾ ਹੀ ਨਾ ਚਲਾ।*

ਦੁਨੀਆਂ ਦਾ ਮੇਲਾ ਜੋ ਉਂਗਲ ਫੜੀ ਤੋਂ ਵਧੀਆ ਲੱਗਦਾ ਸੀ, ਹੁਣ ਭਰੀਆਂ ਅੱਖਾਂ ਨਾਲ ਸਭ ਧੁੰਦਲਾ ਹੀ ਨਜ਼ਰ ਆਉਂਦਾ ਹੈ। ਫੇਰ ਲਗਦਾ ਹੈ ਗਲਤ ਫਹਿਮੀ ਨਾਲ ਯਕੀਨ ਨਹੀਂ ਟੁੱਟਦਾ, ਸਗੋਂ ਯਕੀਨ ਟੁੱਟਣ ਨਾਲ ਗਲਤ ਫਹਿਮੀਆਂ ਹੁੰਦੀਆਂ ਹਨ। ਬਣਦੇ ਰਿਸ਼ਤਿਆਂ ਦੇ ਕੋਈ ਨਾਂ, ਥਾਂ ਜਾਂ ਟਰੇਨਿੰਗ ਨਹੀਂ ਹੁੰਦੀ। ਸਹਿਜੇ ਹੀ ਬਸ ਰਾਹ ਜਾਂਦਿਆਂ ਹੀ ਗਲ਼ੇ ਦਾ ਹਾਰ ਬਣ ਜਾਂਦੇ ਨੇ ਜਿਨਾਂ ਤੇ ਵਾਰੇ ਵਾਰੇ ਜਾਣ ਨੂੰ ਦਿਲ ਕਰਦਾ ਹੈ। ਸੀਨੇ ਉੱਗੇ ਰੁੱਖ ਹੇਠ ਸਦਾ ਲਈ ਕਈ ਸਖਸ਼ ਖੁਣੇ ਜਾਂਦੇ ਹਨ। ਉਮਰ ਭਰ ਉਸ ਸਾਥ ਲਈ ਮਨ ਮੋਹਲਤ ਹੀ ਤਲਾਸ਼ਦਾ ਰਹਿ ਜਾਂਦਾ ਹੈ। ਸੀਨੇ ਅੰਦਰ ਪਲਦੀਆਂ ਖੌਲਦੀਆਂ ਰੀਝਾਂ ਰੁਮਕਦੀਆਂ ਹਵਾਵਾਂ ਵਰਗੇ ਅਹਿਸਾਸ ਸਮੇਂ ਹੱਥੋਂ ਸੱਖਣੇ ਹੋ ਜਾਂਦੇ ਹਨ। ਰੱਜ ਕੇ ਕਿਸੇ ਵਧੀਆ ਸਾਥ ਲਈ ਤਰਸੇਵਾਂ ਭਰ ਜਾਂਦਾ ਹੈ। ਜਿਨ੍ਹਾਂ ਅੰਦਰ ਰਿਸ਼ਤਿਆਂ ਦੀਆਂ ਅਜਿਹੀਆਂ ਕੜਕਦੀਆਂ ਧੁੱਪਾਂ ਹੋਣ, ਉਹਨਾਂ ਨੂੰ ਬਾਹਰੀ ਵਸਤਾਂ ਦੀ ਠੰਡੀ ਛਾਂ ਸ਼ਾਂਤ ਨਹੀਂ ਕਰ ਸਕਦੀ। ਕਈ ਵਾਰੀ ਤਾਂ ਵਿਰਾਸਤੀ ਦੀ ਥਾਂ ਭਾਵਾਂ ਦੇ ਮੇਚ ਦੇ ਜਾਂ ਆਪ ਕਮਾਏ ਰਿਸ਼ਤੇ ਵਲ ਉਲਾਰ ਹੋ ਕੇ ਟਕਰਾ ਹੋ ਜਾਂਦਾ ਹੈ। ਪੇਕੇ ਚੁਲ੍ਹੇ ਦੀ ਯਾਦ ਫੇਰ ਗਿਲਾ ਸਿਰਜਦੀ ਹੈ। ਗੁਲਜ਼ਾਰ ਅਨੁਸਾਰ

*ਦਿਲ ਕਾ ਕਿਆ ਹੈ ਕਹੀਂ ਭੀ ਲਗ ਜਾਤਾ ਹੈ, ਤਬਾਹ ਤੋ ਤਬ ਹੋਤਾ ਹੈ ਜਬ ਕਹੀਂ ਠਹਿਰ ਜਾਤਾ ਹੈ।*
*ਕਿਸੇ ਨੇ ਸਹੀ ਕਿਹਾ ਹੈ ਕਿ ਕੁਝ ਰਿਸ਼ਤੋਂ ਮੇ ਮੁਨਾਫ਼ਾ ਨਹੀਂ ਹੋਤਾ ਪਰ ਜਿੰਦਗੀ ਅਮੀਰ ਹੋ ਜਾਤੀ ਹੈ।*

ਰਿਸ਼ਤੇ ਉੱਗਦੇ ਤਾਂ ਦਿਲ ਦੀ ਧਰਤ ਤੇ ਨੇ ਪਰ ਨਿਭਦੇ ਦਿਮਾਗੀ ਜੁਗਤਾਂ ਨਾਲ ਹਨ। ਕਿਸੇ ਮੋਢੇ ਤੇ ਸਿਰ ਰੱਖ ਕੇ ਰੋਣ ਨੂੰ ਹਰ ਦਿਲ ਕਰਦਾ ਹੈ। ਮਾੜੀ ਜਿਹੀ ਠੇਸ ਨਾਲ ਸਭ ਉਸਰਿਆ ਰਿਸ਼ਤਾ ਬਿਖਰ ਜਾਂਦਾ ਹੈ। ਫੇਰ ਪੱਛੀਆਂ ਭਾਵਨਾਵਾਂ, ਵਿਲੂੰਧਰੇ ਸੁਪਨੇ ਤੇ ਛਿੱਜਿਆ ਸੰਸਾਰ ਰੂਹ ਨੂੰ ਨੰਗੇ ਪੈਰੀਂ ਤੁਰਦਿਆਂ ਲਹੂ ਲੁਹਾਣ ਕਰੀ ਰੱਖਦਾ ਹੈ। ਇਹ ਕੋਈ ਇਤਿਹਾਸ ਦੀ ਕਿਤਾਬ ਨਹੀਂ ਕਿ ਰੱਟਾ ਲਾ ਲਵੋ, ਕੋਈ ਹਿਸਾਬ ਨਹੀਂ ਕਿ ਜਮ੍ਹਾਂ ਤਕਸੀਮ ਕਰੀ ਜਾਓ, ਕੋਈ ਨਮੂਨਾ ਨਹੀਂ ਕਿ ਉਧੇੜ ਬੁਣ ਕਰੀ ਜਾਓ। ਕਿਹਾ ਜਾਂਦਾ ਹੈ ਕਿ ਰਿਸ਼ਤੇ ਕੱਚੇ ਕੋਠੇ ਵਾਂਗ ਹੁੰਦੇ ਹਨ। ਜੇ ਨਾ ਲਿੱਪੇ ਪੋਚੇ ਜਾਣ, ਤਾਂ ਸੀਨੇ ਦੇ ਖਲੇਪੜ ਜਾ ਡਿੱਗਦੇ ਹਨ। ਇੱਕ ਰੁੱਖ ਵਾਂਗ ਸ਼ੁਰੂ ਵਿੱਚ ਦੇਖ ਰੇਖ ਚਾਹੀਦੀ ਹੈ। ਫੇਰ ਠੰਢੀ ਛਾਂ ਹੇਠ ਬਹਿਕੇ ਉਮਰਾ ਕੱਟੀ ਜਾ ਸਕਦੀ ਹੈ। ਇਸੇ ਲਈ ਆਖਦੇ ਹਨ -ਹਰ ਰਿਸ਼ਤਾ ਦਿਲ ਤੋਂ ਪਰ ਨਰਾਜਗੀ ਬਸ ਸ਼ਬਦ ਤੱਕ ਹੀ ਰੱਖੋ। ਪਿਛਲੇ ਕੁਝ ਅਰਸੇ ਤੋਂ ਖ਼ੂਨ ਦੇ ਰਿਸ਼ਤੇ ਪਿੱਠ ਕਰ ਖੜ੍ਹੇ ਤੇ ਦੋਸਤੀ ਵਾਲੇ ਉਸਰਨ ਲੱਗੇ ਹਨ। ਇਹ ਅਚਾਨਕ ਮਿਲੀਆਂ ਸਾਂਝਾਂ ਤਾਂ ਤੋਹਫ਼ੇ ਵਰਗੀਆਂ ਹਨ। ਜਿੰਨੀ ਇਮਾਨਦਾਰੀ ਨਾਲ ਹੰਢਾਵਾਂਗੇ, ਉਨੀਆਂ ਹੀ ਸੱਜਰੀਆਂ ਹੋਣਗੀਆਂ। ਮੈਂ ਸ਼ੁਕਰਗੁਜ਼ਾਰ ਹਾਂ ਕਿ ਮੇਰੇ ਜਿੰਦਗੀ ਦੇ ਤਾਣੇ ਪੇਟੇ ਵਿੱਚ ਕਿੰਨੇ ਹੀ ਨਿੱਘੇ ਰਿਸ਼ਤੇ ਖ਼ੂਬਸੂਰਤੀ ਨਾਲ ਨਿਭੇ ਮੇਰੀ ਜਿੰਦਗੀ ਦਾ ਸਿਰ ਪਲੋਸ ਰਹੇ ਹਨ। ਘੜੀ ਦੀਆਂ ਸੂਈਆਂ ਵਾਂਗ ਮੇਰੀ ਊਣ ਨੂੰ ਪੂਰਦੇ ਕਦਮਾਂ ਨਾਲ ਇਕਸਾਰ ਰਹੇ ਹਨ। ਹੰਢਣਸਾਰ ਰਿਸ਼ਤੇ ਨੂੰ ਕੱਪੜਿਆਂ ਵਾਂਗ ਬਦਲਿਆ ਨਹੀਂ ਜਾ ਸਕਦਾ। ਸਗੋਂ ਮਿੱਤਰ ਤਾਂ ਉਮਰ ਦੀ ਚਾਦਰ ਉਤਾਰ ਕੇ ਨਿਰਉਚੇਚ ਹੋ ਮਿਲਦੇ ਹਨ। ਰਿਸ਼ਤੇ ਮਲੂਕ ਪਰਿੰਦੇ ਹਨ, ਜੋ ਘੁੱਟ ਕੇ ਫੜਾਂਗੇ, ਮਰ ਜਾਣਗੇ। ਜੇ ਖੁੱਲ੍ਹੇ ਛੱਡਾਂਗੇ ਤਾਂ ਉੱਡ ਜਾਣਗੇ। ਸੋ ਅੰਦਰਲੀ ਸਿਆਣਪ ਚਾਹੀਦੀ ਹੈ ਨਿਭਣ ਲਈ। ਰਿਸ਼ਤਿਆਂ ਦਾ ਨਿੱਗਰ ਹੋਣ ਜਾਂ ਖੋਖਲਾ ਹੋਣ ਬਾਰੇ ਤਾਂ ਵਾਹ ਪੈ ਕੇ ਹੀ ਬੋਧ ਹੁੰਦਾ ਹੈ -"ਅਪਨਾ ਹਿਸਾ ਮੰਗ ਕਰ ਦੇਖੋ ਸਾਰੇ ਰਿਸ਼ਤੇ ਬੇਨਕਾਬ ਹੋ ਜਾਣਗੇ ,
*ਔਰ ਅਪਨਾ ਹਿਸਾ ਛੋੜ ਕਰ ਦੇਖੋ ਸਾਰੇ ਕਾਂਟੇ ਭੀ ਗੁਲਾਬ ਹੋ ਜਾਣਗੇ।"*

## ਕਨੇਡੀਅਨ ਸੱਥ

# ਕੁਰਸੀ ਛੱਡਣ ਨੂੰ ਕਿਸ ਦਾ ਜੀਅ ਕਰਦਾ ਹੈ-ਰਾਜ ਅਤੇ ਖਾਜ ਆਪ ਹੀ ਕਰਨ ਵਿੱਚ ਆਨੰਦ ਹੈ


ਅਸ਼ੀਸ਼ ਨਰੂਲਾ
1 204 890 5040

ਹਾਲ ਹੀ ਵਿੱਚ ਕਨੇਡਾ ਦੇਸ਼ ਦੇ ਪੂਰਬ ਵੱਲ ਭਾਵ ਕਿ ਓਨਟਾਰੀਓ ਸਬੇ ਵਿੱਚ ਹੋਈਆਂ ਜਿਮਨੀ ਚੋਣਾਂ ਦੇ ਨਤੀਜੇ ਹੈਰਾਨ ਕਰਨ ਵਾਲੇ ਆਏ ਹਨ। ਸੈਂਟਰ ਦੀ ਹਾਕਮ ਧਿਰ ਦੀ ਸੌਖੀ ਸੀਟ ਵੱਜੋਂ ਜਾਣੀ ਜਾਂਦੀ ਇਹ ਸੀਟ ਅਖੀਰਕਾਰ ਸਰਕਾਰ ਦੇ ਹੱਥੋਂ ਤਿਲਕ ਗਈ ਅਤੇ ਕੰਜਰਵੇਟਿਵਾਂ ਦੀ ਝੋਲੀ ਪੈ ਗਈ ਹੈ , ਕਿਤੇ ਨਾ ਕਿਤੇ ਇੱਥੇ ਪ੍ਰਧਾਨ ਮੰਤਰੀ ਹੁਰਾਂ ਦੀ ਘਟਦੀ ਲੋਕਪ੍ਰੀਅਤਾ ਦਾ ਨਤੀਜਾ ਵੀ ਜਾਪਦਾ ਹੈ। ਲਗਭਗ 42 ਪ੍ਰਤੀਸ਼ਤ ਵੋਟ ਕਾਸਟ ਹੋਈ ਹੈ। ਜੇਤੂ ਉਮੀਦਵਾਰ ਨੂੰ, ਇਸ ਨਾਲ ਵਿਰੋਧੀ ਧਿਰ ਭਾਵ ਕਿ ਕੰਜਰਵੇਟਿਵ ਪਾਰਟੀ ਦੇ ਹੌਂਸਲੇ ਬੁਲੰਦ ਹੋਏ ਹਨ ਇਸ ਦੇ ਨਾਲ ਨਾਲ ਲੋਕਾਂ ਨੇ ਲਿਬਰਲਾਂ ਨੂੰ ਸ਼ੀਸਾ ਦਿਖਾਇਆ ਹੈ। ਸਾਬਕਾ ਮੰਤਰੀ ਕੈਥਰੀਨ ਮਕੀਨਾ(2015-2021) ਹੁਰਾਂ ਨੇ ਟਰੂਡੋ ਹੁਰਾਂ ਤੇ ਟਿਪਣੀ ਕਰਦਿਆ ਉਹਨਾਂ ਨੂੰ ਪਿਛੇ ਹਟਣ ਲਈ ਕਿਹਾ ਹੈ ਅਤੇ ਇੱਕ ਨਵੇਂ ਲੀਡਰ ਦੀ ਸਿਫਾਰਸ਼ ਕੀਤੀ ਹੈ। ਉਹਨਾਂ ਕਿਹਾ ਕਿ ਪਾਰਟੀ ਕਿਸੇ ਇੱਕ ਵਿਅਕਤੀ ਦੀ ਨਹੀ ਹੈ। ਪਾਰਟੀ ਕਨੇਡੀਅਨਾਂ ਦੀ ਜਿੰਦਗੀ ਬਿਹਤਰ ਬਨਾਉਣ ਲਈ ਹੈ ਹੁਣ ਡੋਰ ਲੋਕਾਂ ਹੱਥ ਹੈ ਅਤੇ ਬਿਹਤਰ ਜਾਣਦੇ ਹਨ ਕਿ ਲੰਘੇ ਵਰ੍ਹਿਆਂ ਵਿੱਚ ਕਨੇਡੀਅਨ ਕਿਹਨਾਂ ਸਮੱਸਿਆਵਾਂ ਨਾਲ ਜੂਝ ਰਹੇ ਹਨ ,ਅਤੇ ਮੌਜੂਦਾ ਸਰਕਾਰ ਨੇ ਕਿੰਨੀ ਕੁ ਕੋਸ਼ਿਸ਼ ਕੀਤੀ ਹੈ ਲੋਕਾਂ ਦੀ ਜਿੰਦਗੀ ਬਿਹਤਰ ਬਨਾਉਣ ਲਈ ।ਮਹਿੰਗਾਈ ਕਿੱਥੇ ਦੀ ਕਿੱਥੇ ਚਲੀ ਗਈ ਹੈ, ਸਾਬਕਾ ਮੰਤਰੀ ਹੁਰਾਂ ਦੀ ਇਸ ਟਿਪਣੀ ਬਾਰੇ ਪ੍ਰਧਾਨ ਮੰਤਰੀ ਹੁਰਾਂ ਨੇ ਕਿਹਾ ਹੈ ਕਿ ਸਾਨੂੰ ਸਵੈ ਪੜਚੋਲ ਕਰਨ ਦੀ ਜਰੂਰਤ ਹੈ ਅਤੇ ਉਹਨਾਂ ਨੇ ਕਿਹਾ ਹੈ ਕਿ ਉਮੀਦ ਹੈ ਅਗਲੀ ਇਲੈਕਸਨ ਵੀ ਲਿਬਰਲ ਪਾਰਟੀ ਉਹਨਾਂ ਦੀ ਅਗਵਾਈ ਵਿੱਚ ਹੀ ਲੜੇਗੀ। ਕੁਰਸੀ ਛੱਡਣ ਨੂੰ ਕਿਸ ਦਾ ਜੀਅ ਕਰਦਾ ਹੈ,ਭਾਵ ਕਿ ਰਾਜ ਅਤੇ ਖਾਜ ਆਪ ਹੀ ਕਰਨ ਵਿੱਚ ਅਨੰਦ ਹੈ। ਹੁਣ ਅੱਗੋਂ ਲੋਕਾਈ ਕੀ ਨਿਸ਼ਚਤ ਕਰਦੀ ਹੈ ਇਸ ਗੱਲ ਦਾ ਪਤਾ ਆਉਦੇ ਵਰ੍ਹੇ ਚੱਲ ਜਾਵੇਗਾ । ਦੇਸੀ ਸਿਆਸਤ ਦੀ ਜਾਗ ਲੱਗੀ ਨੂੰ ਬਹੁਤ ਦੇਰ ਹੋ ਗਈ ਹੈ ਹੁਣ ਉਮੀਦ ਕਰਦੇ ਹਾਂ ਕਿ ਇੱਥੋ ਦੀ ਸਿਆਸਤ ਦਾ ਹੋਰ ਬੇੜਾ ਗਰਕ ਨਾ ਹੋਵੇ।

ਮਹਿੰਗਾਈ ਦੀ ਗੱਲ ਕਰੀਏ ਤਾਂ ਲੰਘੇ ਮਹੀਨੇ ਵਿਆਜ ਦਰ੍ਹਾ ਦੇ ਘਟਣ ਨਾਲ ਰੀਅਲ ਐਸਟੇਟ ਨੂੰ ਹੁੰਗਾਰਾ ਮਿਲਿਆ ਹੈ ਪਰ ਮਾਹਿਰਾਂ ਅਨੁਸਾਰ ਜੁਲਾਈ ਮਹੀਨੇ ਵਿੱਚ ਹੋਰ ਘਟਣ ਦੀ ਉਮੀਦ ਘੱਟ ਜਾਪਦੀ ਹੈ। ਫੂਡ ਬੈਕਾਂ ਵਿੱਚ ਲੋਕਾਂ ਦੀਆਂ ਵਧਦੀਆਂ ਕਤਾਰਾਂ ਇਸ ਗੱਲ ਦੀ ਜਾਮਣੀ ਭਰਦੀਆਂ ਹਨ, "ਚਿੜੀ ਵਿਚਾਰੀ ਕੀ ਕਰੇ ਠੰਡਾ ਪਾਣੀ ਪੀ ਮਰ੍ਹੇ"। ਮਹਿੰਗਾਈ ਨੇ ਲੋਕਾਂ ਦਾ ਧੰਆਂ ਕੱਢ ਦਿੱਤਾ ਹੈ , ਬਿਜਨਸ ਦਾ ਹਾਲ ਵੀ ਕੋਈ ਬਹੁਤਾ ਚੰਗਾ ਨਹੀ। ਹਾਲ ਹੀ ਵਿੱਚ ਇੱਕ ਧੂੰਆਂ ਕੱਢ ਖਬਰ ਕੈਲਗਰੀ ਸ਼ਹਿਰ ਦੇ ਇੱਕ ਹੋਟਲ ਵੱਲੋਂ ਆਇਆ ਹੈ , ਕਿਸੇ ਗ੍ਰਾਹਕ ਨੇ ਸਟੇਅ ਕਰਨ ਲਈ ਡਾਉਨਟਾਉਨ ਵਿੱਚ ਹੋਟਲ ਬੁੱਕ ਕਰਵਾਇਆ ਸੀ ਅਤੇ ਹੋਟਲ ਵੱਲੋ ਬੁਕਿੰਗ ਦੀ ਕਨਫਰਮੇਸ਼ਨ ਵੀ ਦਿੱਤੀ ਗਈ ਪਰ ਮਿਥੀ ਤਰੀਕ ਤੋਂ ਇੱਕ ਰਾਤ ਪਹਿਲਾਂ ਹੋਟਲ ਮੈਨੇਜਮੈਟ ਵੱਲੋਂ ਕਾਲ ਕਰ ਕਿਹਾ ਗਿਆ ਕਿ ਤੁਹਾਨੂੰ 140 ਡਾਲਰ ਦੀ ਬਜਾਏ 430 ਡਾਲਰ ਪ੍ਰਤੀ ਰਾਤ ਦੇਣੇ ਪੈਣਗੇ, ਸਾਨੂੰ ਹੁਣੇ ਦੱਸੋ ਜਾਂ ਫਿਰ ਅਸੀਂ ਰਿਜ਼ਰਵੇਸਨ ਕੈਂਸਲ ਕਰਦੇ ਹਾਂ । ਹੁਣ ਇਹ ਵੱਢੇ ਮਗਰਮੱਛ ਕਿੰਨੀ ਕੁ ਲੋਕਾਂ ਦੀ ਛਿਲ ਲਾਉਣਗੇ ਪਤਾ ਨਹੀ ਫਿਰ ਉਹ ਭਲਾ ਕਰਿਆਨੇ ਵਾਲੇ ਹੋਣ ਜਾਂ ਫਿਰ ਏਅਰਲਾਈਨਾ ਵਾਲੇ, ਆਮ ਲੋਕਾਂ ਕੋਲ ਹੋਰ ਕੋਈ ਵਿਕਲਪ ਨਹੀਂ ਬਚਦਾ ਸਿਵਾਏ ਛਿਲ ਲੁਆਉਣ ਦੇ ਪਰ ਇਹਨਾਂ ਠੇਕਦਾਰਾਂ/ ਸਰਮਾਏਦਾਰਾਂ ਨੂੰ ਸੰਗ ਸ਼ਰਮ ਨਹੀਂ ਆਉਦੀ । ਸਾਡੇ ਸੂਬੇ ਲਈ ਕੁੱਝ ਕੁ ਚੰਗੀਆ ਗੱਲਾਂ ਸਹਾਮਣੇ ਆਈਆਂ ਹਨ ਇੱਕ ਤਾਂ ਸੂਬੇ ਦਾ ਵਿੱਤੀ ਬਜਟ ਲਗਭਗ 4,3 ਬਿਲੀਅਨ ਡਾਲਰ ਸਰਪਲੱਸ ਰਿਹਾ ਹੈ ਹੁਣ ਇਹ ਬਜਟ ਲੋਕਾਂ ਦੇ ਲਈ ਕਿਨਾਂ ਕੂ ਵਰਤਿਆ ਜਾਵਗੇ ,ਜਾਂ ਫਿਰ ਪਾਈਪ ਲਾਈਨ ਦੀ ਮੁਰੰਮਤ ਦਾ ਸਹਾਰਾ ਲੈ ਕੇ ਆਉਦੇ ਵਰ੍ਹੇ ਪ੍ਰਾਪਰਟੀ ਟੈਕਸ ਰੂਪੀ ਕਰੰਟ ਇੱਕ ਵਾਰ ਫਿਰ ਲੋਕਾਂ ਨੂੰ ਲਗਾਇਆ ਜਾਵੇਗਾ ਇਹ ਤਾਂ ਸਾਡੇ ਮਾਨਯੋਗ ਲੀਡਰਾਂ ਨੂੰ ਹੀ ਪਤਾ ਹੋਵੇਗਾ। ਹਾਂ ਲੀਡਰਾਂ ਨੂੰ ਚੁਣ ਕੇ ਭੇਜਣ ਵਾਲੇ ਲੋਕ ਸਵਾਲ ਜਰੂਰ ਕਰਨ ਇਹ ਬੇਨਤੀ ਹੈ।ਲੰਘੇ ਦਿਨੀ ਸੂਬੇ ਦੀ ਐਨ ਡੀ ਪੀ ਪਾਰਟੀ ਦੇ ਨਵੇਂ ਲੀਡਰ ਦੀ ਚੋਣ ਹੋਈ ਹੈ ਇਹ ਚੋਣ ਮੰਝੇ ਹੋਈ ਲੀਡਰ ਰੈਚ਼ਲ ਨੌਟਲੀ (ਸਾਬਕਾ ਮੁੱਖ ਮੰਤਰੀ) ਹੁਰਾ ਦੇ ਅਸਤੀਫੇ ਤੋਂ ਬਾਅਦ ਹੋਣੀ ਸੀ ,ਸੋ ਲੋਕਾਂ ਨੇ ਕੈਲਗਰੀ ਸ਼ਹਿਰ ਦੇ ਸਾਬਕਾ ਮੇਅਰ ਨਾਹੀਦ ਨੈਨਸ਼ੀ ਹੁਰਾਂ ਨੂੰ ਵਾਗਡੋਰ ਸੰਭਾਲੀ ਹੈ , ਉਹਨਾਂ ਨੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ ।ਅਲਬਰਟਾ ਵਿੱਚ ਮਸ਼ਹੂਰ ਤੇਲ ਕੰਪਨੀ ਸ਼ੈਲ ਵੱਲੋਂ ਵਾਤਾਵਰਨ ਸੰਭਾਲ ਲਈ ਦੋ ਵੱਢੇ ਪ੍ਰੋਜੇਕਟ ਐਟਕੋ ਕੰਪਨੀ ਦੀ ਪਾਰਟਨਰਸ਼ਿਪ ਨਾਲ ਸ਼ੁਰੂ ਕਰਨ ਦੀ ਤਜ਼ਵੀਜ ਹੈ ਜੋ ਕਿ ਇੱਕ ਚੰਗੀ ਗੱਲ ਹੈ, ਇਸ ਨਾਲ ਰੋਜ਼ਗਾਰ ਵੀ ਖੁੱਲੇਗਾ ਅਤੇ ਵਾਤਾਵਰਨ ਵੀ ਸੰਭਾਲ ਹੋਵੇਗਾ। ਅਲਬਰਟਾ ਲਈ ਤਾਂ ਨਾਲੇ ਪੁੰਨ ਨਾਲੇ ਫਲੀਆਂ ਵਾਲੀ ਗੱਲ ਹੋਵੇਗੀ ।ਸਾਡੇ ਸੂਬੇ ਦੇ ਮੁੱਖ ਮੰਤਰੀ ਹੁਰਾਂ ਨੇ ਇੱਕ ਵਾਰ ਫਿਰ ਤੋਂ ਡੈਟਲ ਕੇਅਰ ਵਿੱਚ ਸ਼ਾਮਿਲ ਨਾ ਹੋਣ ਲਈ ਵੱਖਰਾ ਰਾਗ ਆਲਪਿਆ ਹੈ , ਸੂਬੇ ਦੀ ਐਨ ਡੀ ਪੀ ਪਾਰਟੀ ਦੇ ਨਵੇਂ ਪ੍ਰਧਾਨ ਨੇ ਕਿਹਾ ਹੈ ਕਿ ਇਹ ਸਭ ਕੁੱਝ ਜਾਣ ਬੁੱਝ ਕੇ ਆਪਣੀ ਲੀਡਰੀ ਚਮਕਾਉਣ ਲਈ ਕੀਤਾ ਜਾਂਦਾ ਹੈ । ਚਲੋ ਖੈਰ ਸਿਆਸਤਦਾਨ ਆਪਣੀ ਜਾਬ ਤੇ ਲੱਗੇ ਹੋਏ ਹਨ ,ਅਤੇ ਆਪਣੀ ਵਾਰੀ ਦੀ ਉਡੀਕ ਵਿੱਚ ਲਾਈਨ ਵਿੱਚ ਹਨ ।ਸ਼ਹਿਰ ਦੇ ਨਾਲ ਲੱਗਦੀ ਚੈਸਟਰਮੀਅਰ ਦੇ ਲੋਕਾਂ ਨੇ ਉਥੋਂ ਦੀ ਕੌਂਸਲ ਨੂੰ ਸ਼ੀਸਾਂ ਦਿਖਾਇਆ ਹੈ ਅਤੇ ਪੁਰਾਣੀ ਕੌਂਸਲ ਦੇ ਮੁਅੱਤਲ ਕੌਂਸਲਰਾਂ ਜੋ ਕਿ ਮੁਅੱਤਲ ਹੋਣ ਤੋਂ ਬਾਅਦ ਫਿਰ ਚੋਣਾ ਵਿੱਚ ਕਿਸਮਤ ਅਜਮਾਈ ਕਰ ਰਹੇ ਸਨ ਉਹਨਾ ਨੂੰ ਘਰ ਵਾਪਸ ਭੇਜ ਕੇ ਨਵੀਂ ਕੌਂਸਲ ਦੀ ਚੋਣ ਕੀਤੀ ਹੈ ।ਪੰਜਾਬੀ ਮੂਲ ਦੀ ਕਿਰਨ ਰੰਧਾਵਾ ਦਾ ਨਾਂ ਨਵੀ ਚੁਣੀ ਗਈ ਟੀਮ ਵਿੱਚ ਬੋਲਦਾ ਹੈ। ਅਗਲੀ ਵਾਰੀ ਕਿਸ ਦੀ ਹੋਵੇਗੀ ਇਹ ਲੋਕਾਂ ਦੇ ਮਨ ਨੂੰ ਪਤਾ ਹੈ। ਬਾਕੀ ਤੁਹਾਡਾ ਸਰਿਆ ਦਾ ਰੱਬ ਰਾਖਾ

# ਗੈ੍ਰਂਟ ਨੌਟਲੀ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਗੈ੍ਰਂਟ ਨੌਟਲੀ ਦਾ ਜਨਮ 19 ਜਨਵਰੀ, 1939 ਨੂੰ ਐਲਬਰਟਾ ਦੇ ਡਿਡਜ਼ਬਰੀ ਕਸਬੇ ਵਿੱਚ ਹੋਇਆ ਸੀ। ਉਸ ਦੇ ਮਾਤਾ ਪਿਤਾ ਕਿਸਾਨ ਪਰਿਵਾਰ ਨਾਲ ਸੰਬੰਧਿਤ ਸਨ। ਗੈ੍ਰਂਟ ਨੇ 1960 ਵਿੱਚ ਯੂਨਿਵਰਸਿਟੀ ਔਫ਼ ਐਲਬਰਟਾ, ਐਡਮੰਟਨ ਤੋਂ ਹਿਸਟਰੀ ਵਿਸ਼ੇ ਵਿੱਚ ਬੀਏ ਦੀ ਡਿਗਰੀ ਲਈ। ਯੂਨਿਵਰਸਿਟੀ ਦੇ ਦਿਨਾਂ ਤੋਂ ਹੀ ਉਹ ਨਿਊ ਡੈਮੋਕ੍ਰੈਟਿਕ ਪਾਰਟੀ - ਐਨਡੀਪੀ ਨਾਲ ਜੁੜ ਗਿਆ ਸੀ। 1962 ਵਿੱਚ ਉਹ ਪਾਰਟੀ ਦਾ ਸੈਕਟਰੀ ਬਣ ਗਿਆ। ਉਸ ਨੇ ਪਹਿਲੀ ਵਾਰ 1963 ਵਿੱਚ ਵਿਧਾਨਸਭਾ ਚੋਣ ਲੜੀ ਤੇ ਹਾਰ ਗਿਆ। ਫਿਰ ਉਹ 1967 ਤੇ 1969 ਵਿੱਚ ਵੀ ਹਾਰ ਗਿਆ। 1968 ਵਿੱਚ ਉਹ ਐਲਬਰਟਾ ਐਨਡੀਪੀ ਦਾ ਲੀਡਰ ਬਣਿਆ ਤੇ 1971 ਵਿੱਚ ਪਹਿਲੀ ਵਾਰ ਉਹ ਐਮਐਲਏ ਬਣਿਆ। ਉਹ ਗਿਆਰਾਂ ਸਾਲ ਤੱਕ ਐਲਬਰਟਾ ਵਿਧਾਨਸਭਾ ਵਿੱਚ ਆਪਣੀ ਪਾਰਟੀ ਦਾ ਇਕ ਮਾਤਰ ਵਿਧਾਇਕ ਰਿਹਾ। ਉਸ ਦੀ ਮੌਤ ਮਗਰੋਂ ਉਸ ਦੀ ਬੇਟੀ ਰੇਚੈੱਲ ਨੌਟਲੀ ਵੀ ਪਾਰਟੀ ਦੀ ਲੀਡਰ ਤੇ ਸੂਬੇ ਦੀ ਪ੍ਰੀਮੀਅਰ ਰਹੀ। ਗੈ੍ਰਂਟ ਨੌਟਲੀ ਦੀ 19 ਅਕਤੂਬਰ, 1984 ਨੂੰ ਇਕ ਹਵਾਈ ਹਾਦਸੇ ਵਿੱਚ ਮੌਤ ਹੋ ਗਈ ਸੀ। ਹੁਣ ਉਸ ਦੀ ਚਿੱਠੀ ਆਈ ਹੈ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ




**ਮਾਇ ਡੀਅਰ ਰਿਸ਼ੀ !**
ਪਿਛਲੇ ਸਾਲ ਤੋਂ ਤੈਨੂੰ ਚਿੱਠੀ ਲਿਖਣ ਦੀ ਸੋਚ ਰਿਹਾ ਸੀ ਪਰ ਰੁਝੇਵਿਆਂ ਕਰਕੇ ਲਿਖ ਹੀ ਨਾ ਸਕਿਆ। ਹੁਣ ਪਿਛਲੇ ਹਫ਼ਤੇ ਐਲਬਰਟਾ ਦੀ ਉਸੇ ਪਾਰਟੀ ਦੀ ਨਵੀਂ ਲੀਡਰਸ਼ਿਪ ਰੇਸ ਮੁਕੰਮਲ ਹੋਈ ਜਿਸ ਨੂੰ ਮੈਂ ਆਪਣੇ ਖ਼ੂਨ ਨਾਲ ਸਿੰਜਿਆ ਤੇ ਮਜ਼ਬੂਤ ਕੀਤਾ ਸੀ। ਤੁਹਾਡੇ ਸ਼ਹਿਰ, ਕੈਲਗਰੀ ਦਾ ਤਿੰਨ ਵਾਰ ਮੇਅਰ ਰਿਹਾ ਨਾਹੀਦ ਨੈਂਸ਼ੀ ਹੁਣ ਮੇਰੀ ਸਾਬਕਾ ਪਾਰਟੀ ਦਾ ਨਵਾਂ ਆਗੂ ਚੁਣਿਆ ਗਿਆ ਹੈ।
ਰਿਸ਼ੀ ਡੀਅਰ, ਸਾਡੀ ਪਾਰਟੀ ਦਾ ਸਭ ਤੋਂ ਨਵਾਂ ਮੈਂਬਰ ਹੁਣ ਪਾਰਟੀ ਦਾ ਨਵੀਨਤਮ ਲੀਡਰ ਬਣ ਗਿਆ ਹੈ। ਨਿਊਐਸਟ ਐਨਡੀਪੀ ਮੈਂਬਰ, ਨਿਊ ਐਨਡੀਪੀ ਲੀਡਰ ! ਸਾਲ 2015, 2019 ਤੇ 2023 ਵਿੱਚ ਸਾਡੀ ਪਾਰਟੀ ਦੇ ਵਿਧਾਇਕ ਚੁਣੇ ਗਏ ਸੈਰਾਹ ਹੌਫ਼ਮੈਨ ਤੇ ਕੈਥਲੀਨ ਗੈਨਲੀ ਤੇ ਪਿਛਲੇ ਸਾਲ ਐਮਐਲਏ ਬਣੀ ਜੋੜੀ ਕੈਲਾਹੂ-ਸਟੋਨਹਾਊਸ ਵੀ ਪਾਰਟੀ ਦੀ ਲੀਡਰਸ਼ਿਪ ਲਈ ਮੈਦਾਨ ਵਿੱਚ ਸਨ। ਤੁਹਾਡੇ ਸ਼ਹਿਰ ਦਾ 3 ਵਾਰ ਮੇਅਰ ਰਿਹਾ ਨਾਹੀਦ ਨੈਂਸ਼ੀ ਵੀ ਇਸ ਰੇਸ ਵਿੱਚ ਨਿਤਰਿਆ ਸੀ। ਉਸ ਦੇ ਇਸ ਰੇਸ ਵਿੱਚ ਆਉਣ ਤੱਕ ਪਾਰਟੀ ਕੋਲ 16 ਹਜ਼ਾਰ ਦੇ ਕਰੀਬ ਮੈਂਬਰ ਸਨ। ਜਿਉਂ ਹੀ ਉਹ ਇਸ ਦੌੜ ਵਿਚ ਆਇਆ, ਪਾਰਟੀ ਮੈਂਬਰਾਂ ਦੀ ਗਿਣਤੀ 85 ਹਜ਼ਾਰ ਟੱਪ ਗਈ। ਉਸ ਦੇ ਮੈਦਾਨ ਵਿੱਚ ਆਉਂਦਿਆਂ ਹੀ ਇਕ ਕੈਂਡਿਡੇਟ, ਰਾਖੀ ਪੰਚੋਲੀ ਮੈਦਾਨ ਛੱਡ ਕੇ ਨੈਂਸ਼ੀ ਦੀ ਘਨੇੜੀ ਜਾ ਚੜ੍ਹੀ। ਉਸ ਵੇਲੇ ਤੋਂ ਹੀ ਲੱਗਣ ਲੱਗ ਗਿਆ ਸੀ ਕਿ ਉਹ ਇਹ ਜਿੱਤ ਹਾਸਲ ਕਰਕੇ ਹੀ ਰਹੇਗਾ।
ਰਿਸ਼ੀ, ਉਸ ਦੇ ਮੈਦਾਨ ਵਿੱਚ ਆਉਂਦਿਆਂ ਸਾਰ ਹੀ ਸਿਰਫ਼ ਸਾਡੀ ਪਾਰਟੀ ਵਿੱਚ ਹੀ ਘੁਸਰ-ਫੁਸਰ ਨਹੀਂ ਸ਼ੁਰੂ ਹੋਈ, ਸਗੋਂ ਯੂਸੀਪੀ ਦੇ ਮੱਥੇ 'ਤੇ ਵੀ ਲਕੀਰਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ। ਸਾਡੀ ਪਾਰਟੀ ਦੇ 'ਬੁੱਢੇ ਦਲ' ਦੇ ਕਈ ਲੋਕ ਕਹਿਣ ਲੱਗ ਪਏ ਸਨ ਕਿ ਹੁਣ ਪਾਰਟੀ ਦਾ ਸੰਤਰੀ ਰੰਗ ਫਿੱਕਾ ਪੈ ਜਾਣਾ ਹੈ ਤੇ ਇਸ ਨੇ ਪਾਰਟੀ ਦਾ ਕੁਝ ਦਾ ਕੁਝ ਬਣਾ ਦੇਣਾ ਹੈ। ਪਰ ਉਸ 'ਬੁੱਢੇ ਦਲ' ਨੂੰ ਨੈਂਸ਼ੀ ਨੇ ਡੋਲੂ ਵਾਂਗ ਕੂਚੀ ਨਾਲ ਮਾਂਜ ਸੁੱਟਿਆ ਹੈ। ਨਾਲੇ ਇਕ ਗੱਲ ਹੋਰ, ਜਦੋਂ ਨੈਂਸ਼ੀ ਮੈਦਾਨ ਵਿੱਚ ਆਇਆ, ਮੈਂਬਰਸ਼ਿਪ ਆਸਮਾਨੇ ਜਾ ਚੜ੍ਹੀ ਤਾਂ ਇਹ ਗੱਲ ਬੁੱਢੇ ਦਲ ਨੂੰ ਹਜ਼ਮ ਹੀ ਨਹੀਂ ਹੋ ਰਹੀ ਸੀ। ਉਹ ਤਾਂ ਇਹੀ ਦੇਖੀ ਗਏ ਬਈ ਅਸੀਂ ਤਾਂ ਆਪਦੀਆਂ ਜੁੱਤੀਆਂ ਘਸਾ ਲਈਆਂ ਮੈਂਬਰ ਬਣਾ-ਬਣਾ ਕੇ ! ਨੈਂਸ਼ੀ ਤਾਂ ਕਿਤੇ ਮੈਂਬਰ ਬਣਾਉਂਦਾ ਦਿਸਦਾ ਹੀ ਨਹੀਂ ਸੀ। ਨੈਂਸ਼ੀ ਨੇ ਇਹਨਾਂ ਸਾਰਿਆਂ ਨੂੰ ਦੇ'ਤੇ ਗੋਤੇ। ਇਹਨਾਂ ਨੂੰ ਤਾਂ ਭਾਈ ਸਮਝ ਈ ਨਾ ਆਵੇ ਕਿ ਆਹ ਹੋਈ ਕੀ ਜਾ ਰਿਹੈ ! ਹੋਰ ਵੀ ਹੈਰਾਨੀ ਵਾਲੀ ਗੱਲ, ਰਿਸ਼ੀ, ਇਹ ਰਹੀ ਕਿ ਕੁਲ 85 ਹਜ਼ਾਰ ਮੈਂਬਰਾਂ ਵਿਚੋਂ 73 ਹਜ਼ਾਰ ਨੇ ਵੋਟਾਂ ਪਾਈਆਂ। ਲੱਗਪੱਗ 86%। ਉਹਨਾਂ ਪਈਆਂ ਵੋਟਾਂ ਵਿਚੋਂ ਉਹ 'ਕੱਲਾ ਈ ਲੈ ਗਿਆ ਲਗਪਗ 63 ਹਜ਼ਾਰ। ਬਾਕੀਆਂ ਨੂੰ ਤਾਂ ਇਹਦਾ ਮਤਲਬ ਹੋਇਆ ਕਿ ਸਿਰਫ਼ 10 ਕੁ ਹਜ਼ਾਰ ਪਈਆਂ। ਆਹ ਜਿਹੜੇ ਦੋ ਉਮੀਦਵਾਰ 3-3 ਵਾਰੀ ਜਿੱਤ ਚੁੱਕੇ ਸੀ, ਉਹਨਾਂ ਦੀ ਝੋਲੀ ਵਿਚੋਂ ਤਾਂ ਨਿੱਕਲਿਆ ਈ ਕੱਖ ਨਹੀਂ। ਮਦਾਰੀਆਂ ਵਾਂਗੂੰ ਗਲ 'ਚ ਝੋਲਾ ਲਟਕਾਈ ਫਿਰਦੇ ਸੀ।
ਬੀਬੀ ਕੈਥਲੀਨ ਗੈਨਲੀ ਨੇ ਦਾਵਾ ਕੀਤਾ ਬਈ ਉਹਦੀ ਆਪਣੀ ਰਾਇਡਿੰਗ ਵਿਚੋਂ 3500 ਤੋਂ ਵੱਧ ਮੈਂਬਰ ਬਣੇ ਐ। ਉਹਨੂੰ ਪਈਆਂ ਵੋਟਾਂ ਵਿਚੋਂ ਕੁਲ ਮਿਲੀਆਂ ਨੇ 5899...ਇਹਦਾ ਮਤਲਬ ਹੋਇਆ ਕਿ ਆਪਣੀ ਰਾਇਡਿੰਗ ਵਿਚੋਂ ਜੇ ਉਹ ਸਾਰੀਆਂ 3500 ਵੀ ਲੈ ਗਈ ਹੋਵੇ ਤਾਂ ਬਾਕੀ ਸੂਬੇ ਵਿਚੋਂ ਉਹਨੂੰ ਮਿਲੀਆਂ ਸਿਰਫ਼ 2399...ਸੂਬੇ ਵਿਚ ਉਹਨੂੰ ਕਿਸੇ ਨੇ ਤਾਂ ਪੁਛਿਆ ਈ ਨਹੀਂ।
ਸਾਬਕਾ ਡਿਪਟੀ ਪ੍ਰੀਮੀਅਰ ਸੈਰਾਹ ਹੌਫਮੈਨ ਨਾਲ ਤਾਂ ਉਸ ਤੋਂ ਵੀ ਮਾੜੀ ਹੋਈ। ਉਹਨੂੰ ਤਾਂ ਸਾਰੇ ਸੂਬੇ ਵਿਚੋਂ ਈ 3000 ਵੋਟ ਮਿਲੀ ਐ। ਨੈਂਸ਼ੀ ਲੈ ਗਿਐ 62 ਹਜ਼ਾਰ ਵੋਟ। ਮੁਕਾਬਲਾ ਈ ਕੋਈ ਨਹੀਂ ਰਿਹਾ। ਘੁਸਰ ਫੁਸਰ ਕਰਨ ਵਾਲੇ 'ਬੁੱਢੇ ਦਲ' ਨੂੰ ਹੁਣ ਸਮਝ ਲੈਣਾ ਚਾਹੀਦੈ ਕਿ ਨੈਂਸ਼ੀ ਨੂੰ ਉਹਨਾਂ ਦੀ ਘੁਸਰ ਫੁਸਰ ਸੁਣਨ ਦੀ ਲੋੜ ਈ ਕਾਈ ਨਹੀਂ। ਜਾਂ ਤਾਂ ਉਹ ਹੁਣ ਨੈਂਸ਼ੀ ਦੇ ਡਮਰੂ 'ਤੇ ਨਾਚ ਕਰਨ ਨਹੀਂ ਤਾਂ ਘਰ ਬੈਠ ਕੇ ਰੱਬ-ਰੱਬ ਕਰਨ।
ਪਈਆਂ ਵੋਟਾਂ ਦਾ 86% ਹਿੱਸਾ ਨੈਂਸ਼ੀ ਹੂੰਝ ਕੇ ਲੈ ਗਿਐ। ਸਮਝ ਨਹੀਂ ਆਉਂਦੀ, ਬਾਕੀ ਉਮੀਦਵਾਰ ਇੱਥੇ ਲੈਣ ਕੀ ਆਏ ਸੀ। ਖੈਰ, ਉਹਨਾਂ ਸਾਰਿਆਂ ਦੇ ਭੁਲੇਖੇ ਨਿੱਕਲ ਗਏ ਹੋਣਗੇ ਹੁਣ ਤਾਂ। ਗੈਨਲੀ ਨੂੰ ਮਿਲੀਆਂ 8%, ਸਾਬਕਾ ਡਿਪਟੀ ਪ੍ਰੀਮੀਅਰ ਨੂੰ ਮਿਲੀਆਂ 4% ਤੇ ਨਵੀਂ ਬਣੀ ਐਮਐਲਏ ਤਾਂ ਪਹਿਲੀ ਵਾਰ ਈ ਜਿੱਤ ਕੇ ਭੂਤਰ ਗਈ। ਇਕ ਤਾਂ ਕਮਲੀ ਤੇ ਉਪਰੋਂ ਪੈ ਗਈ ਸਿਵਿਆਂ ਦੇ ਰਾਹ। ਕੋਈ ਕਹੇ ਤਾਂ ਕੀ ਕਹੇ ?
ਚਿੰਤਾ ਤਾਂ ਹੁਣ ਯੂਸੀਪੀ ਵਾਲੇ ਵੀ ਕਰਨ। ਉਹਨਾਂ ਦੀ ਆਪਣੀ ਆਗੂ ਬੀਬੀ ਡੈਨਿਐੱਲ ਸਮਿਥ ਆਪਣੀ ਲੀਡਰਸ਼ਿਪ ਮਰ ਕੇ ਜਿੱਤੀ ਸੀ ਛੇਵੇਂ ਰਾਊਂਡ ਵਿੱਚ। ਕੁੱਲ ਸੱਤ ਉਮੀਦਵਾਰ ਸਨ ਤੇ ਛੇਆਂ ਉਮੀਦਵਾਰਾਂ ਦੀ ਸੈਕਿੰਡ ਪ੍ਰੈਫ਼ਰੈਂਸ ਵੋਟਾਂ ਨਾਲ ਉਹ ਮਸੀਂ ਜਿੱਤੀ ਸੀ। ਨੈਂਸ਼ੀ ਨੇ ਤਾਂ ਪੀਅਰ ਪੌਇਲਿਐਵ ਤੋਂ ਵੀ ਵੱਧ ਵੋਟਾਂ ਨਾਲ ਲੀਡਰਸ਼ਿਪ ਜਿੱਤੀ ਐ। ਉਹਨੇ ਤਾਂ ਡਗ ਫੋਰਡ ਨਾਲੋਂ ਵੀ ਵੱਧ ਵੋਟਾਂ ਲੈ ਲਈਆਂ। ਕੈਥਲੀਨ ਗੈਲਨੀ ਨਾਲੋਂ ਤਾਂ ਤੋਂ ਉਹ 12 ਗੁਣਾ ਵੱਧ ਵੋਟਾਂ ਲੈ ਗਿਆ। ਉਹ ਤਾਂ ਭਾਈ ਜੇਸਨ ਕੈਨੀ ਨਾਲੋਂ ਵੀ ਵੱਧ ਵੋਟਾਂ ਲੈ ਕੇ ਲੀਡਰ ਬਣਿਐ।
ਰਿਸ਼ੀ, ਹੁਣ ਮੈਂ 'ਬੁੱਢੇ ਦਲ' ਨੂੰ ਕੀ ਕਹਾਂ ਭਲਾ ! ਮੇਰੀ ਤਾਂ ਆਪਣੀ ਕੁੜੀ ਚਵਲਾਂ ਮਾਰ ਗਈ। ਰਿਜ਼ਲਟ ਆਉਣ ਵਿੱਚ 24 ਘੰਟੇ ਰਹਿੰਦੇ ਸੀ ਤਾਂ ਕਹਿੰਦੀ ਨੈਂਸ਼ੀ, ਐਲਬਰਟਾ ਐਨਡੀਪੀ ਨੂੰ ਫੈਡਰਲ ਐਨਡੀਪੀ ਤੋਂ ਵੱਖ ਕਰਨ ਦੀ ਮੂਰਖਤਾ ਨਾ ਕਰੇ। ਉਹ ਤਾਂ ਮੂਰਖਤਾ ਨਾ ਕਰੇ ਪਰ ਤੂੰ ਜ਼ਰੂਰ ਇਹ ਮੂਰਖਤਾ ਕਰਨੀ ਸੀ ਭਲਾ, ਉਹ ਵੀ ਨਤੀਜਾ ਆਉਣ ਤੋਂ ਇਕ ਦਿਨ ਪਹਿਲਾਂ ? ਲੈ ਲਉ ਹੁਣ, ਉਹਨੇ ਕੂਚੀ ਫੇਰ 'ਤੀ ਜੇ ਤੁਹਾਡੇ ਕਾਹੜਣੇ ਵਿੱਚ ਤੇ ਉਹਦੇ ਨਾਲ ਨਾਲ ਲੱਗੀ ਮਾੜੀ ਮੋਟੀ ਰਹਿੰਦੀ ਖੂੰਹਦੀ ਮਲਾਈ ਵੀ ਹੂੰਝ ਕੇ ਲੈ ਗਿਆ। ਤੁਸੀਂ ਹੁਣ ਕਾਹੜਣਾ ਕੱਛ ਵਿੱਚ ਚੁੱਕੀ ਫਿਰੋ, ਸ਼ੁਦਾਈਆਂ ਦੇ ਸਮਾਨ ਵਾਂਗ। ਤੁਹਾਨੂੰ ਸਾਰਿਆਂ ਨੂੰ ਉਹਨੇ ਮੂਰਖ ਸਾਬਤ ਕਰਤਾ ਜੇ।
ਰਿਸ਼ੀ, ਪਿਛਲੇ ਸਾਲ ਪਈਆਂ ਵਿਧਾਨਸਭਾ ਵੋਟਾਂ ਤੋਂ ਦੋ ਸਾਲ ਪਹਿਲਾਂ ਤੱਕ ਮੇਰੀ ਪਾਰਟੀ ਵਾਲੇ ਸੱਤਾਧਾਰੀ ਯੂਸੀਪੀ ਤੋਂ ਚੋਣ ਸਰਵੇਖਣਾਂ ਵਿੱਚ ਵੀ ਅੱਗੇ ਸਨ ਤੇ ਫੰਡ ਇਕੱਠੇ ਕਰਨ ਵਿੱਚ ਵੀ। ਸਾਰੀਆਂ ਅਖ਼ਬਾਰਾਂ, ਸਾਰੇ ਚੈਨਲ ਸੰਘ ਪਾੜ ਪਾੜ ਕੇ ਕਹਿ ਰਹੇ ਸਨ ਕਿ ਐਨਡੀਪੀ ਆਈ ਕਿ ਆਈ। ਜਦੋਂ ਨਤੀਜੇ ਆਏ ਤਾਂ ਸਰਕਾਰ ਫਿਰ ਡੈਨਿਐੱਲ ਸਮਿਥ ਬਣਾ ਗਈ। ਮੂਰਖ ਸਾਬਤ ਕੌਣ ਹੋਇਆ ਭਲਾ ? ਮੇਰੀ ਕੁੜੀ। ਇਕ ਕੈਂਡੀਡੇਟ ਉਹ ਬਣਿਆ ਜਿਹੜਾ ਛੇਵੀਂ ਜਮਾਤ ਦੇ ਨਿਆਣਿਆਂ ਅੱਗੇ ਖੜ੍ਹਾ ਹੋ ਕੇ ਛੀਕੇ ਦਾ ਪਹਾੜਾ ਨਾ ਸੁਣਾ ਸਕੇ। ਇਕ ਕੈਂਡੀਡੇਟ ਉਹ ਬਣਾਈ, ਜਿਹੜੀ ਕਹਿੰਦੀ ਉਹਨੂੰ ਤਾਂ ਚੋਣ ਪ੍ਰਚਾਰ ਕਰਨ ਦੀ ਲੋੜ ਈ ਨਹੀਂ...ਘਰੋਂ ਈ ਨਾ ਨਿੱਕਲੀ ! ਕੀ ਕੀਤਾ ਉਹਨਾਂ ਬਾਰੇ ਮੇਰੀ ਕੁੜੀ ਨੇ ? ਕੱਖ ਵੀ ਨਾ !
45 ਸੀਟਾਂ ਨੇ ਸਰਕਾਰ ਬਣਾਉਣੀ ਸੀ ਤੇ ਆਈਆਂ 38। ਪਿਛਲੇ 8 ਸਾਲ ਤੋਂ ਤੁਸੀਂ ਕੜਛ ਮਾਂਜ ਰਹੇ ਸੀ ਭਲਾ ? ਤੁਹਾਡੀਆਂ ਨੀਤੀਆਂ ਹੀ ਤੁਹਾਡੇ ਗਿੱਟਿਆਂ ਨੂੰ ਚੁੰਬੜ ਗਈਆਂ। ਐਡਮੰਟਨ ਤੋਂ ਦੋ ਉਮੀਦਵਾਰ ਸਨ ਲੀਡਰਸ਼ਿਪ ਵਾਸਤੇ ਤੇ ਐਡਮੰਟਨ ਹੀ ਸਾਡੀ ਪਾਰਟੀ ਦਾ ਧੁਰਾ ਰਿਹਾ ਹੈ ਸ਼ੁਰੂ ਤੋਂ। ਦੋਹਾਂ ਉਮੀਦਵਾਰਾਂ ਨੂੰ ਪਈਆਂ ਵੋਟਾਂ ਵਿਚੋਂ ਕੁਲ ਜੋੜ ਕੇ ਮਿਲੀਆਂ ਸਿਰਫ਼ 6%, ਮਤਲਬ ਦੋਹਾਂ ਨੂੰ ਲੋਕਾਂ ਨੇ ਨਕਾਰ ਦਿੱਤਾ। ਕੈਲਗਰੀ ਦੀ ਉਮੀਦਵਾਰ ਕੈਥਲੀਨ ਗੈਨਲੀ ਨੂੰ ਮਿਲੀਆਂ ਸਿਰਫ਼ 8% ਵੋਟਾਂ। ਇਹਦਾ ਮਤਲਬ ਵੀ ਹੁਣ ਵੱਖਰੀ ਸਲੇਟ 'ਤੇ ਲਿਖ ਕੇ ਸਮਝਾਉਣ ਦੀ ਲੋੜ ਨਹੀਂ। ਹੁਣ ਜਿਹੜੀ ਗੱਲ, ਰਿਸ਼ੀ, ਸਮਝਣ ਵਾਲੀ ਹੈ, ਉਹ ਇਹ ਹੈ ਕਿ ਲੋਕਾਂ ਨੇ ਨੈਂਸ਼ੀ ਉੱਪਰ ਏਨਾ ਯਕੀਨ ਕਿਉਂ ਕੀਤਾ ? ਐਨਡੀਪੀ ਨੂੰ ਪਸੰਦ ਕਰਨੇ ਵਾਲੇ ਸਰਕਾਰ ਦੇਖਣਾ ਚਾਹੁੰਦੇ ਸੀ ਪਿਛਲੇ ਸਾਲ। ਇਹਨਾਂ ਦੀਆਂ ਆਪਣੀਆਂ ਚਵਲਾਂ ਨੇ ਸਰਕਾਰ ਬਣਦੀ ਬਣਦੀ ਗੁਆਈ। ਏਨਾ ਨੈਗੇਟਿਵ ਪ੍ਰਚਾਰ ? ਤੁਸੀਂ ਆਪਣੀ ਗੱਲ ਕਰੋ, ਤੁਸੀਂ ਦੱਸੋ ਕਿ ਜੇ ਤੁਹਾਡੀ ਸਰਕਾਰ ਬਣੇ ਤਾਂ ਕੀ ਕੀ ਕਰੋਗੇ ? ਤੁਸੀਂ ਰੌਲਾ ਪਾਉਣਾ ਸ਼ੁਰੂ ਕਰਤਾ ਕਿ ਜੇ ਡੈਨਿਐੱਲ ਸਮਿਥ ਦੀ ਸਰਕਾਰ ਬਣ ਗਈ ਤਾਂ ਆਹ ਕਰ ਦਊ, ਅਹੁ ਕਰ ਦਊ ! ਬੇੜਾ ਕਰਕ ਹੋ ਜਾਊ। ਭੱਠਾ ਬੈਠ ਜਾਊ। ਉਹ ਭਲਿਓ ਲੋਕੋ ! ਲੋਕਾਂ ਨੂੰ ਪਲੈਨ ਦਿਉ ਕਿ ਜੇ ਤੁਹਾਡੀ ਸਰਕਾਰ ਆਈ ਤਾਂ ਭੱਠਾ ਕਿਉਂ ਤੇ ਕਿਵੇਂ ਨਾ ਬੈਠੂ ? ਬੇੜਾ ਕਿਉਂ ਤੇ ਕਿਵੇਂ ਨਾ ਗ਼ਰਕ ਹੋਊ ? ਤੁਸੀਂ ਕਿਵੇਂ ਤਰੱਕੀ ਲਿਆਉਗੇ - ਆਹ ਦੱਸੋ ਲੋਕੋ ਨੂੰ। ਉਹਨਾਂ ਨੂੰ ਰੋਡ-ਮੈਪ ਦਿਉ। ਤੁਸੀਂ ਭੰਡਣ ਬਹਿ ਗਏ ਮਰਾਸੀਆਂ ਵਾਂਗ ਯੂਸੀਪੀ ਨੂੰ।
ਲੋਕ ਚਾਹੁੰਦੇ ਸਨ ਕਿ ਸਾਡੀ ਪਾਰਟੀ ਦੀ ਸਰਕਾਰ ਬਣੇ...ਇਹਨਾਂ ਨੇ ਬਣਨ ਹੀ ਨਹੀਂ ਦਿੱਤੀ...ਮੈਂ ਮੰਨਦਾਂ ਕਿ ਜੇ ਸਾਡੀ ਸਰਕਾਰ ਪਿਛਲੇ ਸਾਲ ਨਹੀਂ ਬਣੀ ਤਾਂ ਉਸ ਵਿੱਚ ਸਿਰਫ਼ ਸਾਡੀ ਪਾਰਟੀ ਦਾ ਕਸੂਰ ਸੀ। ਭਲਿਓ ਲੋਕੋ, ਜੇ ਤੁਸੀਂ ਡੈਨਿਐੱਲ ਸਮਿਥ ਨੂੰ ਉਸ ਵੇਲੇ ਨਹੀਂ ਹਰਾ ਸਕੇ ਜਦੋਂ ਉਹ ਸਭ ਤੋਂ ਵੱਧ ਕਮਜ਼ੋਰ ਸੀ, ਫਿਰ ਕਦੋਂ ਹਰਾਉਣਾ ਹੋਇਆ ਤੁਸੀਂ ਉਹਨੂੰ ? ਲੋਕਾਂ ਨੂੰ ਇਹ ਗੱਲ ਸਮਝ ਆ ਚੁੱਕੀ ਸੀ ਤੇ ਉਹਨਾਂ ਨੇ ਇਹਨਾਂ ਟਰੇਡਿਸ਼ਨਲ ਲੀਡਰਾਂ 'ਤੇ ਭਰੋਸਾ ਕਰਨ ਨਾਲੋਂ ਨਵੇਂ ਲੀਡਰ ਨੂੰ ਆਜ਼ਮਾਉਣ ਨੂੰ ਤਰਜੀਹ ਦਿੱਤੀ ਹੈ। ਨਾਲੇ ਇਕ ਗੱਲ ਹੋਰ, ਨੈਂਸ਼ੀ ਨੇ ਸੂਬਾਈ ਪੱਧਰ 'ਤੇ ਲਿਬਰਲ ਤੇ ਐਨਡੀਪੀ ਨੂੰ ਇਕੱਠਿਆਂ ਕਰ ਕੇ ਯੂਸੀਪੀ ਲਈ ਨਵੀਂ ਚੁਣੌਤੀ ਪੇਸ਼ ਕਰ ਦਿੱਤੀ ਹੈ।
ਰਿਸ਼ੀ ਭਾਈ, ਤੁਹਾਡੇ ਸ਼ਹਿਰ ਰਹਿੰਦੀ ਇਕ ਵੱਡੀ ਪੋਲਸਟਰ ਨੂੰ ਮੈਂ ਪਿਛਲੇ ਸਾਲ ਚਿੱਠੀ ਭੇਜੀ ਕਿ ਮੇਰੀ ਕੁੜੀ ਨੂੰ ਅਕਲ ਦਿਉ...ਕਿ ਉਹ ਭੰਡੀ ਪ੍ਰਚਾਰ ਬੰਦ ਕਰੇ ਤੇ ਲੋਕਾਂ ਨਾਲ ਕੰਮ ਦੀ ਗੱਲ ਕਰੇ। ਉਸ ਬੀਬੀ ਨੇ 3 ਵਾਰ ਉਹਨੂੰ ਕਿਹਾ ਕਿ ਅਕਲ ਨੂੰ ਹੱਥ ਮਾਰੋ। ਇਕ ਨਹੀਂ ਸੁਣੀ ਉਹ ਨੇ ! ਪਿਛਲੇ ਸਾਲ ਚੋਣਾਂ ਤੋਂ ਕੁਝ ਦਿਨ ਪਹਿਲਾਂ ਉਸ ਬੀਬੀ ਨੇ ਆਪਣੇ ਸਰਵੇਖਣ ਦੀ ਰਿਪੋਰਟ ਦਿੱਤੀ ਸੀ ਤੇ ਕਿਹਾ ਸੀ ਕਿ ਐਨਡੀਪੀ ਸਰਕਾਰ ਨਹੀਂ ਬਣਾ ਰਹੀ। ਸਾਡੇ ਤਾਂ ਪੈਰਾਂ ਥੱਲਿਓ ਜ਼ਮੀਨ ਨਿਕਲ ਗਈ...ਪਈ ਆਹ ਕੀ ਲੋਹੜਾ ਮਾਰਿਆ, ਚੋਣਾਂ ਤੋਂ ਕੁਝ ਦਿਨ ਪਹਿਲਾਂ ਆਹ ਕਿਹੜੀ ਮੂੰਗਲੀ ਕੱਛ 'ਚੋਂ ਕੱਢ ਮਾਰੀ। ਪਰ ਹੋਈ ਵੀ ਉਹੀ ਗੱਲ ! ਉਸ ਦੀ ਇਕ ਇਕ ਗੱਲ ਸੱਚ ਸਾਬਤ ਹੋਈ। ਚੋਣਾਂ ਤੋਂ ਪਹਿਲਾਂ ਉਸ ਨੇ ਕਿਹਾ ਸੀ ਯੂਸੀਪੀ ਲਵੇਗੀ 51% ਵੋਟਾਂ, ਉਸ ਨੂੰ ਅਸਲ ਵਿੱਚ ਮਿਲੀਆਂ 52%...ਦੇਖੋ ਕਿੰਨਾ ਨੇੜੇ ਦਾ ਨਤੀਜਾ ਰਿਹਾ !
ਰਿਸ਼ੀ ਜੀ, ਹੁਣ ਸਵਾਲ ਹੈ ਕਿ 'ਬੁੱਢੇ ਦਲ' ਨੂੰ ਹਾਰ ਕਿਉਂ ਮਿਲੀ ਇਸ ਲੀਡਰਸ਼ਿਪ ਵਿਚ ? ਇਸ ਕਰਕੇ, ਕਿ ਇਹਨਾਂ ਵਿੱਚ ਜਿੱਤਣ ਦਾ ਝੱਸ ਹੀ ਕੋਈ ਨਹੀਂ ਰਹਿ ਗਿਆ ਸੀ। ਇਹ ਸਿਰਫ਼ ਅਲੋਚਨਾ ਕਰ ਸਕਣ ਵਾਲੇ ਰਹਿ ਗਏ ਸਨ, ਭੰਡ ਸਕਣ ਵਾਲੇ ਰਹਿ ਗਏ...ਆਪਣਿਆਂ ਨੂੰ ਵੀ ਤੇ ਵਿਰੋਧੀਆਂ ਨੂੰ ਵੀ। ਇਹਨਾਂ ਨੂੰ ਆਪਣੇ ਤੋਂ ਅੱਗੇ ਹੋਰ ਕੋਈ ਦਿਸਦਾ ਈ ਨਹੀਂ। ਨਾ ਇਹਨਾਂ ਨੂੰ ਡੈਨਿਐਲ ਸਮਿਥ ਚੰਗੀ ਲੱਗਦੀ ਐ ਤੇ ਨਾ ਹੀ ਚੰਗਾ ਲੱਗਦਾ ਸੀ ਨਾਹੀਦ ਨੈਂਸ਼ੀ। ਪਹਿਲਾਂ ਡੈਨਿਐਲ ਸਮਿਥ ਸਰਕਾਰ ਬਣਾ ਗਈ ਤੇ ਮਗਰੋਂ ਨੈਂਸ਼ੀ ਲੈ ਗਿਆ ਲੀਡਰਸ਼ਿਪ। ਇਹ ਬੁੱਢਾ ਦਲ ਹੁਣ ਇਉਂ ਬੈਠਾ ਬਿਟ-ਬਿਟ ਝਾਕਦੈ ਜਿਵੇਂ ਕੋਈ ਬਾਂਦਰ ਕਿਸੇ ਬਜ਼ੁਰਗ ਦੀ ਐਨਕ ਲਾਹ ਕੇ ਭੱਜ ਜਾਵੇ ਤੇ ਬੇਚਾਰਾ ਬਜ਼ੁਰਗ ਬੈਠਾ ਝਾਕਦਾ ਹੁੰਦਾ !
ਰਿਸ਼ੀ, ਜਿਹੜੀ ਗੱਲ ਇਹਨਾਂ ਨੂੰ ਸਮਝ ਨਹੀਂ ਆ ਰਹੀ, ਉਹ ਇਹ ਹੈ ਕਿ ਲੋਕ ਯੂਸੀਪੀ ਤੋਂ ਅੱਕੇ ਬੈਠੇ ਨੇ ਤੇ ਬੁੱਢਾ ਦਲ ਆਪਣੀ ਹੀ ਪਾਰਟੀ ਦੇ ਗਿੱਟਿਆਂ ਨੂੰ ਡੰਬਲ ਬੰਨ੍ਹੀ ਬੈਠੈ। ਲੋਕਾਂ ਨੇ ਇਸ ਬੁੱਢੇ ਦਲ ਨੂੰ ਸਣੇ ਇਹਨਾਂ ਦੇ ਡੰਬਲ, ਚੁੱਕ ਕੇ ਬਾਹਰ ਮਾਰਐ। ਉਹ ਚਾਹੁੰਦੇ ਨੇ ਸਰਕਾਰ ਐਨਡੀਪੀ ਦੀ ਬਣੇ। ਜਿੱਦਾਂ ਮਰਜ਼ੀ ਬਣੇ ਪਰ ਸਰਕਾਰ ਸਾਡੀ ਬਣੇ। ਉਹਨਾਂ ਨੂੰ ਲੱਗਿਆ ਨੈਂਸ਼ੀ ਇਹ ਕੰਮ ਕਰ ਸਕਦੈ। ਉਹਨਾਂ ਦਾ ਭਰੋਸਾ ਏਡਾ ਵੱਡਾ ਰਿਹਾ ਹੈ ਨੈਂਸ਼ੀ ਵਿੱਚ ਕਿ ਆਪਣੇ ਆਪ ਨੂੰ ਇੱਟ ਵਰਗਾ ਐਨਡੀਪੀਅਰ ਸਮਝਣ ਵਾਲਾ ਵੀ ਹੁਣ ਚੁੱਪ ਹੋ ਕੇ ਬੈਠ ਗਿਐ। ਉਸ ਕੋਲ ਹੁਣ ਕੋਈ ਹੋਰ ਚਾਰਾ ਰਿਹਾ ਵੀ ਨਹੀਂ ਹੈ।
ਹੁਣ ਤਾਂ ਨੈਂਸ਼ੀ ਵਜਾਊ ਡਮਰੂ ਤੇ ਸਾਰੇ ਉਹਦੀ ਧੁਨ 'ਤੇ ਨੱਚਣਗੇ ! ਤੇ ਨੱਚਣਾ ਚਾਹੀਦੈ ਵੀ।
ਰਿਸ਼ੀ ਜੀ, ਆਖ਼ਰੀ ਗੱਲ ! ਯੂਸੀਪੀ ਨੇ ਲੋਕਾਂ ਨਾਲ ਕੀਤੇ ਧੱਕਾ। ਜਿਹੜੀਆਂ ਗੱਲਾਂ ਤੋਂ ਟਾਲਾ ਵੱਟਿਆ ਸੀ ਚੋਣਾਂ ਦੌਰਾਨ, ਉਹੀ ਗੱਲਾਂ ਸਾਹਮਣੇ ਆਉਣ ਲੱਗੀਐਂ ਤੇ ਲੋਕ ਉਸ ਤੋਂ ਅੱਕੇ ਹੋਏ ਨੇ। ਰੂਰਲ ਐਲਬਰਟਾ ਵੀ ਹੁਣ ਉਹਨਾਂ ਤੋਂ ਬਹੁਤਾ ਖੁਸ਼ ਨਹੀਂ। ਅਰਬਨ ਐਲਬਰਟਾ ਲੁੱਟ ਲਿਐ ਨੈਂਸ਼ੀ ਨੇ। ਤੁਸੀਂ ਹੁਣ ਦੇਖੀ ਜਾਈਓ, ਨੈਂਸ਼ੀ ਨੂੰ ਘੇਰਨ ਲਈ ਯੂਸੀਪੀ ਨੂੰ ਮਿਹਨਤ ਕਰਨੀ ਹੀ ਨਹੀਂ ਪੈਣੀ...ਇਹਨਾਂ ਦਾ ਆਪਣਾ ਬੁੱਢਾ ਦਲ ਝਈਆਂ ਲੈ ਲੈ ਕੇ ਨਿਕਲੂ। ਕਦੀ ਕਹੂ, ਨੈਂਸ਼ੀ ਤੂੰ ਲੈਥਬਰਿਜ ਤੋਂ ਚੋਣ ਲੜ ਤੇ ਕਦੀ ਕਹੂ, ਤੂੰ ਐਡਮੰਟਨ ਤੋਂ ਚੋਣ ਲੜ। ਤੇ ਫੇ ਪਤਾ ਜੇ ਨੈਂਸ਼ੀ ਕੀ ਕਹੂ ? ਉਹ ਕਹੂ, ਚੁੱਪ ਰਹੋ...ਮੇਰਾ ਜਦੋਂ ਜੀ ਕਰੂ, ਜਿਥੋਂ ਮੈਨੂੰ ਚੰਗਾ ਲੱਗੂ, ਉਥੋਂ ਚੋਣ ਲੜੂੰ ! ਤੁਸੀਂ ਹੁਣ ਬੈਠੋ ਚੁੱਪ ਕਰਕੇ ! ਮੂੰਹ 'ਤੇ ਉਂਗਲੀ ਵੀ ਹੋ ਸਕਦੈ ਉਹ ਰਖਵਾ ਲਵੇ...ਉਹ ਮਾਸਟਰ ਵੀ ਰਿਹਾ ਹੈ ਪਹਿਲਾਂ !
ਚੰਗਾ ਰਿਸ਼ੀ, ਬੁੱਢੇ ਦਲ ਨੂੰ ਸਮਝਾਉਣਾ ਮੇਰਾ ਫ਼ਰਜ਼ ਸੀ, ਮੇਰਾ ਇਹ ਕੰਮ ਹੁਣ ਤੂੰ ਕਰੀਂ, ਮੇਰਾ ਸੁਨੇਹਾ ਉਹਨਾਂ ਤਕ ਅੱਪੜਦਾ ਕਰ ਦੇਵੀਂ ਜੇ ਹੋ ਸਕੇ ਤਾਂ !
ਚੰਗਾ ਫੇ ਭਾਈ !

ਤੇਰਾ,
ਗੈ੍ਰਂਟ ਨੌਟਲੀ !

## "ਬੁੱਲ੍ਹਾ ਆਰਟਸ ਇੰਟਰਨੈਸ਼ਨਲ" ਦਾ ਹੁਨਰ ਵਿਖਾਊ ਮੇਲਾ ਵੱਖਰੀ ਛਾਪ ਛੱਡਣ ਵਿੱਚ ਸਫਲ ਰਿਹਾ





ਵਿਨੀਪੈੱਗ (ਸੁਰਿੰਦਰ ਮਾਵੀ) ਬੁੱਲ੍ਹਾ ਆਰਟਸ ਇੰਟਰਨੈਸ਼ਨਲ ਨੇ ਆਪਣਾ ਨੌਵਾਂ ਸਾਲਾਨਾ ਟੇਲੈਂਟ ਸ਼ੋਅ ਜੁਬਲੀ ਪਲੇਸ ਅਤੇ ਕੰਸਰਟ ਹਾਲ ਵਿਨੀਪੈਗ ਵਿੱਚ ਬੜੀ ਹੀ ਧੂਮਧਾਮ ਨਾਲ ਮਨਾਇਆ। ਇਹ ਹੁਨਰ ਵਿਖਾਊ ਮੇਲਾ ਪਿਛਲੇ ਅੱਠ ਸਾਲਾਂ ਤੋਂ ਲਗਾਤਾਰ ਬੁੱਲ੍ਹਾ ਆਰਟਸ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਤਕਰੀਬਨ 200 ਕਲਾਕਾਰਾਂ ਨੇ ਹਿੱਸਾ ਲਿਆ ਇਸ ਸ਼ੋਅ ਵਿੱਚ ਤਕਰੀਬਨ 500 ਦੇ ਕਰੀਬ ਦਰਸ਼ਕਾਂ ਨੇ ਪੰਜਾਬ ਦੇ ਖ਼ਾਲਸ ਲੋਕ ਨਾਚਾਂ ਗਿੱਧਾ, ਮਾਹੀਆ, ਭੰਗੜਾ, ਲੁੱਡੀ, ਸੰਮੀ, ਝੂਮਰ, ਨਾਟਕ ਅਤੇ ਸਕਿੱਟਾਂ ਦਾ ਅਨੰਦ ਮਾਣਦਿਆਂ ਤਾੜੀਆਂ ਨਾਲ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਨਿਮਰਤ ਸੰਘਾ ਵੱਲੋਂ ਤਿਆਰ ਕੀਤਾ ਲੋਕ ਨਾਚ ਸੰਮੀ ਇਸ ਮੇਲੇ ਦਾ ਸਭ ਤੋਂ ਮਨ ਲੁਭਾਉਣਾ ਨਾਚ ਰਿਹਾ। ਸੰਮੀ ਦੀ ਇਸ ਪੇਸ਼ਕਾਰੀ ਨੇ ਬੱਚਿਆਂ ਅਤੇ ਵੱਡਿਆਂ ਨੂੰ ਸਾਡੇ ਸੱਭਿਆਚਾਰ ਦੀਆਂ ਜੜ੍ਹਾਂ ਨਾਲ ਧੁਰ ਤੱਕ ਜੋੜੀ ਰੱਖਿਆ। ਇਸ ਤੋਂ ਇਲਾਵਾ ਬੱਚਿਆਂ ਨੇ ਆਪਣੀ ਕਲਾ ਦੇ ਜੌਹਰ ਦਰਸ਼ਕਾਂ ਨੂੰ ਵਿਖਾਏ। ਹਰਜੀਤ ਵੱਲੋਂ ਤਿਆਰ ਸੁਮਨਪ੍ਰੀਤ, ਨਿਮਰਤ, ਹਰਲੀਨ, ਰਿੱਧੀ 'ਤੇ ਗੁਰਰੀਤ ਬਰਾੜ ਵੱਲੋਂ ਖੇਡਿਆ ਸਕਿੱਟ 'ਫ਼ੋਨ' ਸੋਹਣੀ ਛਾਪ ਛੱਡ ਗਿਆ। ਬਲਵਿੰਦਰ ਗਿੱਲ ਵੱਲੋਂ ਤਿਆਰ ਕੀਤਾ ਝੂਮਰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ, ਜਿਸ ਵਿੱਚ ਮੈਨੀਟੋਬਾ ਸੂਬੇ ਦੇ ਐਮ ਐਲ ਏ ਦਲਜੀਤ ਪਾਲ ਬਰਾੜ 'ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪੰਜਾਬ ਦੇ ਮੇਲਿਆਂ ਦੀ ਯਾਦ ਤਾਜਾਂ ਕਰਵਾ ਦਿੱਤੀ। ਫ਼ਤਿਹ ਬਰਾੜ ਵੱਲੋਂ ਤਿਆਰ ਕੀਤਾ "ਬੁੱਲ੍ਹਾ ਜਵਾਨੀ" ਨਾਮੀ ਵਿੱਚ ਕੈਨੇਡੀਅਨ ਬੱਚਿਆਂ ਵੱਲੋਂ ਆਪਣੇ ਸੱਭਿਆਚਾਰ ਨਾਲ ਜੁੜਨ ਦੀ ਉਮੀਦ ਦੀ ਇੱਕ ਬੇਮਿਸਾਲ ਪੇਸ਼ਕਾਰੀ ਪੇਸ਼ ਕੀਤੀ ਗਈ। ਇਸ ਤੋਂ ਇਲਾਵਾ ਯੁਵਰਾਜ ਕੰਗ ਵੱਲੋਂ "ਛੱਲਾ" 'ਤੇ ਸਰਗਮ ਅਕੈਡਮੀ ਦੀ ਮਨਪ੍ਰੀਤ ਕੌਰ ਵੱਲੋਂ ਬਹੁਤ ਵਧੀਆ ਗੀਤ ਵੀ ਪੇਸ਼ ਕੀਤੇ ਗਏ। ਪ੍ਰੋਗਰਾਮ ਦੌਰਾਨ ਬੁੱਲ੍ਹਾ ਲੀਡਰਸ਼ਿਪ ਐਵਾਰਡ ਵੀ ਪ੍ਰਦਾਨ ਕੀਤੇ ਗਏ। ਬਲਜੋਤ ਰਾਏ ਅਕੈਡਮਿਕ, ਗੋਰਾ ਲੌਂਗੋਵਾਲੀਆ ਨੂੰ ਖੇਡਾਂ 'ਤੇ ਗੁਰਸਿਮਰਵੀਰ ਨੂੰ ਰੰਗ ਮੰਚ ਵਿੱਚ ਯੋਗਦਾਨ ਲਈ ਸਨਮਾਨਿਆ ਗਿਆ। ਇਹ ਇੱਕ ਅਜਿਹਾ ਸ਼ੋਅ ਸੀ ਜਿਸ ਵਿੱਚ ਮਨੋਰੰਜਨ ਤੋਂ ਇਲਾਵਾ ਬੱਚਿਆਂ ਦੀ ਸ਼ਖ਼ਸੀਅਤ ਉਸਾਰੀ, ਔਰਤਾਂ ਦੇ ਸ਼ਕਤੀਕਰਨ, ਬਜ਼ੁਰਗਾਂ ਦੀ ਇੱਜ਼ਤ ਕਰਨ ਅਤੇ ਭਾਈਚਾਰੇ ਦੇ ਮੁੱਦਿਆਂ ਨੂੰ ਵੱਖ-ਵੱਖ ਕਲਾਵਾਂ ਰਾਹੀਂ ਉਭਾਰਨ ਦੀ ਕੋਸ਼ਿਸ਼ ਸਾਫ਼ ਝਲਕਦੀ ਸੀ। ਬੱਚੇ ਨੱਚੇ, ਗੱਭਰੂ ਗੱਜੇ, ਮੁਟਿਆਰਾਂ ਮਟਕੀਆਂ, ਬਜ਼ੁਰਗ ਬੋਲੇ ਤੇ ਭਾਈਚਾਰਾ ਭਾਵੁਕ ਹੋਇਆ। ਸਮਾਗਮ ਵਿੱਚ ਸ਼ਹਿਰ ਦੀਆਂ ਮਸ਼ਹੂਰ ਹਸਤੀਆਂ ਨੇ ਆਪਣੀ ਹਾਜ਼ਰੀ ਲਵਾ ਕੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਬੁੱਲ੍ਹਾ ਆਰਟਸ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਪ੍ਰੋਗਰਾਮ ਦੀ ਸਫਲਤਾ ਪਿੱਛੇ ਸਭ ਤੋਂ ਵੱਡਾ ਹੱਥ ਵਿਦਿਆਰਥੀਆਂ 'ਤੇ ਮਾਪਿਆਂ ਦਾ ਹੈ। ਉਨ੍ਹਾਂ ਨੇ ਸਾਰੇ ਵਲੰਟੀਅਰਾਂ, ਸਪਾਂਸਰ, ਮੀਡੀਆ ਅਤੇ ਆਏ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਭਾਈਚਾਰੇ ਦੇ ਲੋਕਾਂ ਨੇ ਇਸ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਦਿੱਤਾ ਅਤੇ ਪਰਿਵਾਰਾਂ ਸਮੇਤ ਪਹੁੰਚ ਕੇ ਹਾਲ ਵਿੱਚ ਤਿਲ ਸੁੱਟਣ ਜੋਗੀ ਥਾਂ ਵੀ ਨਹੀਂ ਛੱਡੀ।

## ਨਵੇਂ ਫੌਜਦਾਰੀ ਕਾਨੂੰਨ ਲਾਗੂ ਕਰਕੇ, ਭਾਰਤ ਨੂੰ ਪੁਲਿਸ ਸਟੇਟ ਬਣਾਇਆ ਜਾ ਰਿਹਾ ਹੈ- ਕੇਂਦਰੀ ਸਿੰਘ ਸਭਾ

### ਪੰਜਾਬ ਸਰਕਾਰ ਅਤੇ ਅਕਾਲੀ ਦਲ ਦੀ ਨਵੇਂ ਫੌਜਦਾਰੀ ਕਾਨੂੰਨ ਉੱਤੇ ਸਾਜ਼ਸੀ ਚੁੱਪ



ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)) ਕੇਂਦਰੀ ਸਰਕਾਰ ਨੇ ਪੁਰਾਣੇ ਫੌਜਦਾਰੀ ਕਾਨੂੰਨ ਨੂੰ ਬਦਲ ਕੇ ਤਿੰਨ ਨਵੇਂ ਪੁਲਿਸ ਕਾਨੂੰਨਾਂ ਨੂੰ ਕਈ ਸੂਬਿਆਂ ਵਿੱਚ ਲਾਗੂ ਕਰਕੇ, ਭਾਰਤ ਨੂੰ ਪੁਲਿਸ ਸਟੇਟ ਬਣਾਉਣ ਵਲ ਕਦਮ ਪੁੱਟਿਆ ਹੈ, ਕਿਉਂਕਿ ਇਹ ਨਵੇਂ ਕਾਨੂੰਨ ਅੰਗਰੇਜ਼ਾਂ ਵੱਲੋਂ 150 ਸਾਲ ਪੁਲਿਸ ਕਾਨੂੰਨਾਂ ਤੋਂ ਵੀ ਸਖ਼ਤ ਹਨ।ਨਵੇਂ ਕਾਨੂੰਨ ਅਧੀਨ, ਪੁਲਿਸ ਵੱਲੋਂ ਰੀਮਾਂਡ ਲੈਣ ਦੀ 15 ਦਿਨ ਤੱਕ ਹੱਦ ਵਧਾਕੇ 90 ਦਿਨ ਕਰ ਦਿੱਤੀ ਹੈ, ਸ਼ਾਂਤੀ ਭੰਗ ਕਰਨ ਦੇ ਦੋਸ਼ ਉੱਤੇ ਪੁਲਿਸ ਦਹਿਸ਼ਤਗਰਦੀ (ਟੈਰਰਿਜ਼ਮ) ਦੀ ਧਾਰਾ ਲਗਾ ਸਕਦੀ ਹੈ, ਸ਼ੋਸਲ ਮੀਡੀਆ ਜਾ ਵਾਦ-ਵਿਵਾਦ ਦੇਸ਼ ਵਿਰੁੱਧ ਬੋਲੇ ਸ਼ਬਦਾਂ ਉੱਤੇ ਵੀ ਦੇਸ਼-ਧਰੋਹੀ ਦਾ ਕੇਸ ਬਣਾ ਸਕਦਾ ਹੈ। ਹੁਣ ਥਾਣੇ ਦਾ ਮੁੱਖੀ (ਐਸ ਐਚ ਓ) ਹੀ ਯੂ ਏ ਪੀ ਏ ਵਰਗੀ ਨਜ਼ਰਬੰਦੀ ਦਾ ਕੇਸ ਦਰਜ਼ ਕਰ ਸਕਦਾ, ਦੇਸ਼-ਵਿਰੋਧੀ ਕਾਨੂੰਨ ਨੂੰ ਹੋਰ ਸਖ਼ਤ ਕਰਕੇ ਦੇਸ਼ ਦੀ ਏਕਤਾ/ਅਖੰਡਤਾ ਵਿਰੋਧੀ ਐਕਟ ਥੱਲੇ ਲੈ ਆਦਾ ਹੈ। ਨਵੇਂ ਪੁਲਿਸ ਕਾਨੂੰਨਾਂ ਮੁਤਾਬਿਕ ਪੁਲਿਸ ਥਾਣੇ ਦੀ ਹਦੂਦ ਤੋਂ ਬਾਹਰ ਵੀ ਕਿਸੇ ਉੱਤੇ ਐਫ ਆਈ ਆਰ, ਦਰਜ਼ ਕਰ ਸਕਦੀ ਹੈ। ਪੁਲਿਸ ਕੇਸ ਹੁਣ ਆਨ-ਲਾਇਨ ਵੀ ਦਰਜ ਹੋ ਸਕਦਾ ਹੈ। ਗੈਂਗ ਰੇਪ ਵਿੱਚ ਉਮਰ ਕੈਦ/ਮੌਤ ਦੀ ਸਜ਼ਾ ਰੱਖੀ ਗਈ ਹੈ। ਇੰਡੀਅਨ ਪੀਨਲ ਕੋਡ ਵਰਗੇ ਨਾਵਾਂ ਨੂੰ ਬਦਲਕੇ ਸੰਸਕ੍ਰਿਤ ਅਤੇ ਹਿੰਦੂਤਵੀ ਭਾਵਨਾਵਾਂ ਵਾਲੇ ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਅਤੇ ਭਾਰਤੀ ਸਾਕਸ਼ਬ ਅਧੀਨਿਯਮ ਵਰਗੇ ਨਾਮ ਰੱਖ ਦਿੱਤੇ ਗਏ ਹਨ। ਕਾਨੂੰਨ ਦੇ ਵਿਰੋਧ ਵਿੱਚ ਖੜ੍ਹੇ ਹੋਣ ਦਾ ਸੱਦਾ ਦੇਣ ਵਾਲੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨਾਲ ਜੁੜੇ ਚਿੰਤਕਾਂ ਨੇ ਕਿਹਾ ਇਹ ਤਿੰਨੇ ਕਾਨੂੰਨ ਮਨੁੱਖੀ ਅਧਿਕਾਰਾਂ ਉੱਤੇ ਜ਼ਾਹਰਾ ਹਮਲਾ ਹੈ। ਇਹ ਕਾਨੂੰਨ ਉਸ ਸਮੇਂ ਪਾਸ ਹੋਏ ਜਦੋਂ ਪਾਰਲੀਮੈਂਟ ਵਿੱਚੋਂ 146 ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਸਪੀਕਰ ਨੇ ਮੁਅਤਲ ਕੀਤਾ ਹੋਇਆ ਸੀ। ਇਹਨਾਂ ਕਾਨੂੰਨਾਂ ਬਾਰੇ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਦੀ ਸਿਫਾਰਸ਼ਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ।ਇਹ ਕਾਨੂੰਨਾਂ ਦੇ ਲਾਗੂ ਹੋਣ ਨਾਲ ਜਮਹੂਰੀਅਤ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ ਅਤੇ ਸਰਕਾਰ ਦੇ ਵਿਰੋਧੀਆਂ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਰੋਸ/ਪ੍ਰਗਟਾਵੇ/ਹੜਤਾਲਾਂ ਕਰਨ ਉੱਤੇ ਪਾਬੰਦੀ ਲੱਗ ਜਾਵੇਗੀ। ਚਿੰਤਕਾਂ ਨੇ ਕਿਹਾ ਕਿ ਆਪਸ ਵਿੱਚ ਲੜ ਰਹੇ ਅਕਾਲੀਆਂ ਨੇ ਇਹਨਾਂ ਕਾਨੂੰਨਾਂ ਉੱਤੇ ਉਸ ਤਰਜ਼ ਦੀ ਚੁੱਪ ਧਾਰੀ ਹੋਈ ਹੈ ਜਿਵੇਂ ਉਹਨਾਂ ਨੇ 1980ਵੇਂ ਵਿੱਚ ਪੁਲਿਸ ਜ਼ਬਰ ਬਾਰੇ ਅੱਖਾਂ ਮੀਟੀਆਂ ਹੋਈਆ ਸਨ। ਪੰਜਾਬ ਸਰਕਾਰ ਵੱਲੋਂ ਨਵੇਂ ਪੁਲਿਸ ਕਾਨੂੰਨਾਂ ਦਾ ਹੋਰ ਦੱਖਣ ਦੇ ਸੂਬਿਆਂ ਵਾਗ ਵਿਰੋਧ ਨਾ ਕਰਨਾ, ਮੁੱਖ ਮੰਤਰੀ ਭਗਂਵਤ ਸਿੰਘ ਮਾਨ ਦੀ ਕੇਂਦਰ ਸਰਕਾਰ ਨਾਲ ਸਾਂਝ ਭਿਆਲੀ ਦਾ ਪ੍ਰਗਟਾਵਾ ਹੈ।ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋਫੈਸਰ ਸ਼ਾਮ ਸਿੰਘ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਹੀ, ਪ੍ਰੀਤਮ ਸਿੰਘ ਰੁਪਾਲ, ਗੁਰਪ੍ਰੀਤ ਸਿੰਘ (ਪ੍ਰਤੀਨਿਧ ਗਲੋਬਲ ਸਿੱਖ ਕੌਂਸਲ) ਅਤੇ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਇਸ ਘਟਨਾ 'ਤੇ ਚਿੰਤਾ ਜ਼ਾਹਿਰ ਕੀਤੀ।






# ਬੰਦ ਬੰਦ ਕਟਵਾਉਣ ਵਾਲੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ



ਜਸਵਿੰਦਰ ਸਿੰਘ ਰੁਪਾਲ

ਹਰ ਰੋਜ ਅਰਦਾਸ ਵਿਚ ਜਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਵਾਹਿਗੁਰੂ ਬੋਲਿਆ ਜਾਂਦਾ ਹੈ, ਕਿੰਨੀ ਮਹਾਨ ਹੋਵੇਗੀ ਉਹ ਕੁਰਬਾਨੀ ਜਿਸ ਬਾਰੇ ਇਕ ਗੁਰਸਿੱਖ ਨੂੰ ਨਿਤ ਯਾਦ ਕਰਨ ਦੀ ਤਾਕੀਦ ਹੈ। ਵਾਹਿਗੁਰੂ ਜੀ ਦੇ ਜਨਮ-ਮਰਨ ਦੇ ਅਟੱਲ ਹੁਕਮ ਸਦਕਾ ਜੋ ਵੀ ਜੰਮਿਆ ਹੈ, ਉਸ ਨੇ ਮਰ ਤਾਂ ਜਾਣਾ ਹੀ ਹੈ ਪਰ ਮਰਣਾ ਪ੍ਰਵਾਨ ਉਨ੍ਹਾਂ ਦਾ ਹੀ ਹੈ ਜਿਨ੍ਹਾਂ ਨੇ ਕਿਸੇ ਖਾਸ ਉੱਚ ਉਦੇਸ਼ ਦੀ ਪ੍ਰਾਪਤੀ ਲਈ ਆਪਣੀ ਜਿੰਦਗੀ ਵਾਰ ਦਿੱਤੀ। ਉਨ੍ਹਾਂ ਦੇ ਪਾਏ ਪੂਰਨੇ ਸਦੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਅਜਿਹੇ ਹੀ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਕੁਝ ਸ਼ਬਦਾਂ ਰਾਹੀਂ ਉਨ੍ਹਾਂ ਦੇ ਕਮਾਈ ਵਾਲੇ ਜੀਵਨ ਨੂੰ ਬਿਆਨਣ ਦੀ ਕੋਸ਼ਿਸ਼ ਰਾਹੀਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਮੁਲਤਾਨ ਦੇ ਨੇੜੇ ਪਿੰਡ ਅਲੀਪੁਰ ਵਿਖੇ 10 ਜੁਲਾਈ 1644 ਈਸਵੀ ਨੂੰ ਪਿਤਾ ਰਾਓ ਮਾਈ ਦਾਸ ਅਤੇ ਮਾਤਾ ਮਦਰੀ ਬਾਈ ਦੀ ਕੁੱਖੋਂ ਮਨੀ ਰਾਮ ਦਾ ਜਨਮ ਹੋਇਆ। ਉਸ ਦੇ ਦਾਦਾ ਜੀ ਬਲੂ ਰਾਏ ਛੇਵੇਂ ਗੁਰੂ ,ਗੁਰੂ ਹਰਗੋਬਿੰਦ ਸਿੰਘ ਜੀਂ ਦੀ ਫੌਜ ਦੇ ਜਰਨੈਲ ਸਨ ਅਤੇ ਜੰਗ ਵਿਚ ਹੀ ਸ਼ਹੀਦ ਹੋਏ ਸਨ। ਮਨੀ ਰਾਮ, ਜਿਸ ਨੂੰ ਬਚਪਨ ਵਿਚ ਮਨੀਆ ਕਰ ਕੇ ਵੀ ਬੁਲਾਇਆ ਜਾਂਦਾ ਸੀ, ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਹੋਣ ਦਾ ਮਾਣ ਪ੍ਰਾਪਤ ਹੈ। 15 ਸਾਲ ਦੀ ਉਮਰ ਵਿਚ ਭਾਈ ਲੱਖੀ ਸ਼ਾਹ ,(ਜਿਸ ਨੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ), ਦੀ ਪੁੱਤਰੀ ਸੀਤੋ ਨਾਲ ਆਪ ਜੀ ਦਾ ਵਿਆਹ ਹੋਇਆ। 1657 ਵਿਚ ਆਪਣੇ ਪਿਤਾ ਜੀ ਨਾਲ ਮਨੀ ਰਾਮ ਗੁਰੂ ਹਰਿ ਰਾਇ ਜੀ ਨੂੰ ਕੀਰਤਪੁਰ ਸਾਹਿਬ ਮਿਲੇ ਸਨ। ਉਪਰੰਤ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਦਿੱਲੀ ਚਲੇ ਗਏ ਸਨ। 1614 ਈਸਵੀ ਨੂੰ ਉਹ ਗੁਰੂ ਤੇਗ ਬਹਾਦਰ ਜੀ ਨਾਲ ਬਾਬਾ ਬਕਾਲੇ ਆ ਗਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇ (1675 ਈਸਵੀ), ਉਹ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਸਨ। 1699 ਈਸਵੀ ਨੂੰ ਖਾਲਸਾ ਸਾਜਨਾ ਦਿਵਸ ਤੇ ਹੀ ਉਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਅਤੇ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ।

ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਦਰਬਾਰ ਵਿਚ ਗੁਰਮਤਿ ਸਿਧਾਂਤਾਂ ਨੂੰ ਸਿੱਖਦੇ ਹੋਏ ਤਨੋਂ ਮਨੋਂ ਸੇਵਾ ਕਰਦੇ ਹੁੰਦੇ ਸਨ। ਲੰਗਰ ਬਗੈਰਾ ਦੀ ਸੇਵਾ ਤੋਂ ਬਿਨਾਂ ਭਾਈ ਸਾਹਿਬ ਗੁਰਬਾਣੀ ਦੇ ਬਹੁਤ ਵਧੀਆ ਵਿਆਖਿਆਕਾਰ ਵੀ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਲਿਖਣ ਦੀ ਸੇਵਾ ਵੀ ਨਿਭਾਈ ਹੈ। ਉਹ ਇਕ ਸਫ਼ਲ ਪ੍ਰਬੰਧਕ ਅਤੇ ਕਥਾ ਵਾਚਕ ਵੀ ਸਨ। 1691 ਈਸਵੀ ਦੀ ਵਿਸਾਖੀ ਦੇ ਪ੍ਰਬੰਧ ਕਰਨ ਦੀ ਜਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀ ਲਗਾਈ ਸੀ ਅਤੇ ਵਧੀਆ ਪ੍ਰਬੰਧਕ ਹੋਣ ਕਾਰਨ ਆਪ ਨੂੰ ਦੀਵਾਨ ਖਿਤਾਬ ਨਾਲ ਵੀ ਨਿਵਾਜਿਆ ਸੀ। ਆਪ ਜੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਰਹੇ ਅਤੇ ਅਕਾਲ ਤਖਤ ਦੇ ਜੱਥੇਦਾਰ ਵੀ। ਭਾਈ ਗੁਰਦਾਸ ਜੀ ਤੋਂ ਬਾਅਦ ਬਣੇ ਜਥੇਦਾਰ ਵਜੋਂ ਆਪ ਅਕਾਲ ਤਖਤ ਦੇ ਦੂਜੇ ਸੇਵਾਦਾਰ ਸਨ। ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਜੰਗਾਂ ਵਿਚ ਵੀ ਦਿੱਤਾ। 1688 ਈਸਵੀ ਵਿਚ ਭੰਗਾਣੀ ਦੇ ਯੁੱਧ ਵਿਚ ਵੀ ਆਪ ਲੜੇ ਸਨ ਜਿੱਥੇ ਆਪ ਜੀ ਦਾ ਭਰਾ ਹਰੀ ਚੰਦ ਸ਼ਹੀਦ ਹੋਇਆ ਸੀ।ਇਸੇ ਤਰਾਂ ਨਦੌਣ ਦੀ ਜੰਗ ਵਿਚ ਵੀ 1690 ਈਸਵੀ ਵਿਚ ਹਿੱਸਾ ਲਿਆ ਸੀ।

ਆਪ ਜੀ ਕਿਉਂਕਿ ਗੁਰਬਾਣੀ ਦੀ ਵਿਆਖਿਆ ਕਰਦੇ ਸਨ । ਇਸ ਲਈ ਆਪ ਜੀ ਦੇ ਨਾਮ ਨਾਲ ਜੁੜੀਆਂ ਕੁਝ ਪੁਸਤਕਾਂ ਵੀ ਮਿਲਦੀਆਂ ਹਨ।

* ਗਿਆਨ ਰਤਨਾਵਲੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਸਾਖੀਆਂ ਹਨ । ਇਹ ਪੁਸਤਕ ਗਿਆਨੀ ਸੂਰਤ ਸਿੰਘ ਦੀ ਲਿਖੀ ਹੋਈ ਹੈ ਜਿਸ ਵਿਚ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਭਾਈ ਮਨੀ ਸਿੰਘ ਜੀ ਦੁਆਰਾ ਸੁਣਾਈਆਂ ਗਈਆਂ ਸਾਖੀਆਂ ਤੇ ਅਧਾਰਿਤ ਹੀ ਲਿਖੀ ਹੈ।
* ਭਗਤ ਰਤਨਾਵਲੀ ਜਿਸ ਨੂੰ ਸਿੱਖਾਂ ਦੀ ਭਗਤ ਮਾਲਾ ਵੀ ਕਿਹਾ ਜਾਂਦਾ ਹੈ। ਇਹ ਵੀ ਗਿਆਨੀ ਸੂਰਤ ਸਿੰਘ ਜੀ ਨੇ ਭਾਈ ਸਾਹਿਬ ਵਲੋਂ ਸੁਣਾਈਆਂ ਸਾਖੀਆਂ ਆਦਿ ਦੇ ਆਧਾਰ ਤੇ ਲਿਖੀ ਗਈ ਹੈ।
* ਇਸੇ ਤਰਾਂ ਗੁਰਬਿਲਾਸ ਪਾਤਸ਼ਾਹੀ ੬ ਵੀ ਆਪ ਜੀ ਦੇ ਨਾਮ ਨਾਲ ਜੋੜੀ ਜਾਂਦੀ ਹੈ। ਅਸਲ ਵਿਚ ਲਿਖੀ ਇਹ ਵੀ ਨਹੀਂ ਆਪ ਜੀਂ ਨੇ।

ਭਾਈ ਸਾਹਿਬ ਦੀ ਸ਼ਹਾਦਤ :- ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਨੂੰ ਜੱਥੇਬੰਦਕ ਸੇਧ ਅਤੇ ਅਗਵਾਈ ਦਿੱਤੀ। ਬੰਦਾ ਸਿੰਘ ਬਹਾਦਰ ਤੋਂ ਬਾਅਦ ਵੱਖ ਵੱਖ ਸਿੱਖ ਦਲਾਂ ਨੂੰ ਇੱਕਠਿਆਂ ਕਰਨ ਦਾ ਕੰਮ ਵੀ ਆਪ ਜੀ ਨੇ ਕੀਤਾ। ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਪੈਦਾ ਹੋਇਆ ਤਕਰਾਰ ਵੀ ਆਪ ਨੇ ਪੂਰੀ ਸਿਆਣਪ ਨਾਲ ਸੁਲਝਾਇਆ। ਹਰਿਮੰਦਰ ਸਾਹਿਬ ਵਿਖੇ ਗੁਰਪੁਰਬ ਮਨਾਉਣ ਤੇ ਪਾਬੰਦੀ ਲੱਗੀ ਹੋਈ ਸੀ। ਭਾਈ ਸਾਹਿਬ ਇਸ ਬੰਦੀ ਨੂੰ ਹਟਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਸਨ। ਹਾਕਮ ਜ਼ਕਰੀਆ ਖਾਨ ਵਲੋਂ 5000 ਰੁਪਏ ਦੇਣ ਦੀ ਸ਼ਰਤ ਤੇ ਗੁਰਪੁਰਬ ਮਨਾਉਣ ਦੀ ਆਗਿਆ ਦੇਣ ਦੀ ਗੱਲ ਹੋਈ ਜੋ ਭਾਈ ਸਾਹਿਬ ਜੀ ਨੇ ਪ੍ਰਵਾਨ ਕਰ ਲਈ। ਦੀਵਾਲੀ ਤੇ ਅੰਮ੍ਰਿਤਸਰ ਆਉਣ ਦੇ ਸੰਦੇਸ਼ ਭੇਜੇ ਗਏ। ਪਰ ਹਾਕਮ ਦਾ ਇਰਾਦਾ ਸੀ ਕਿ ਜਦੋਂ ਪੂਰਨ ਇੱਕਠ ਹੋਇਆ ਤਾਂ ਸਿੱਖਾਂ ਨੂੰ ਕਤਲ ਕਰ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਨੂੰ ਇਹ ਭਿਣਕ ਪੈਂਦਿਆਂ ਹੀ ਉਨ੍ਹਾਂ ਸਭ ਸਿੱਖਾਂ ਨੂੰ ਦੁਬਾਰਾ ਸੁਨੇਹੇ ਭੇਜੇ ਕਿ ਉਹ ਨਾ ਆਉਣ। ਦੀਵਾਲੀ ਤੇ ਸੰਗਤ ਘੱਟ ਇੱਕਠੀ ਹੋਈ। ਕੁਦਰਤੀ 5000 ਰੁਪਏ ਦਾ ਪ੍ਰਬੰਧ ਨਾ ਹੋ ਸਕਿਆ। ਭਾਈ ਸਾਹਿਬ ਨੇ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਰਕਮ ਕਿਸ ਗੱਲ ਦੀ ਜਦ ਇੱਕਠ ਹੀ ਨਹੀਂ ਹੋਇਆ। ਸੂਬਾ ਲਾਹੌਰ ਲੱਖਪਤ ਰਾਇ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੂੰ ਇਸਲਾਮ ਵਿੱਚ ਆਉਣ ਲਈ ਕਾਫੀ ਲਾਲਚ ਦਿੱਤੇ ਗਏ ਜੋ ਉਨ੍ਹਾਂ ਠੁਕਰਾ ਦਿੱਤੇ। 24-06-1734 ਈਸਵੀ ਨੂੰ ਨਖ਼ਾਸ ਚੌਕ ਲਾਹੌਰ ਵਿਖੇ ਆਪ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸੁਬੇਗ ਸਿੰਘ ਜੀ ਨੇ ਮਸਤੀ ਦਰਵਾਜਿਓਂ ਸ਼ਾਹੀ ਕਿਲ੍ਹੇ ਦੇ ਨੇੜੇ ਆਪ ਜੀ ਦਾ ਸੰਸਕਾਰ ਕੀਤਾ। ਆਪ ਜੀ ਦੀ ਯਾਦ ਵਿਚ ਗੁਰਦਵਾਰਾ ਸ਼ਹੀਦ ਗੰਜ ਦੂਜਾ ਲਾਹੌਰ ਵਿਚ ਸ਼ੁਸ਼ੋਭਿਤ ਹੈ।

ਸ਼ਹੀਦਾਂ ਦਾ ਪਰਿਵਾਰ :- ਆਪ ਜੀ ਦੇ ਪਰਿਵਾਰ ਨੂੰ ਜੇ ਸ਼ਹੀਦਾਂ ਦਾ ਪਰਿਵਾਰ ਕਿਹਾ ਜਾਵੇ, ਤਾਂ ਕੋਈ ਅਤਿ ਕਥਨੀ ਨਹੀਂ ਹੋਏਗੀ। ਆਪ ਜੀ ਕੁੱਲ 12 ਭਰਾ ਸਨ, ਜਿਨ੍ਹਾਂ ਵਿਚੋਂ ਆਪ ਸਮੇਤ 11 ਭਰਾ ਸਿੱਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚੋਂ ਹਨ।ਬਾਰਵਾਂ ਭਰਾ ਭਾਈ ਅਮਰ ਚੰਦ ਜੀ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ।ਆਪ ਦੇ ਸ਼ਹੀਦ ਹੋਏ 11 ਭਰਾਵਾਂ ਦਾ ਵੇਰਵਾ ਇਸ ਤਰਾਂ ਹੈ ---

੧.ਭਾਈ ਦਿਆਲਾ ਜੀਂ , ਦਿੱਲੀ ਵਿਖੇ ...1675 ਈਸਵੀ
੨.ਭਾਈ ਹਰੀ ਚੰਦ ਜੀ, ਭੰਗਾਣੀ ਦੇ ਯੁੱਧ ਵਿਚ 1688 ਈਸਵੀ
੩.ਭਾਈ ਸੋਹਣ ਚੰਦ ਜੀਂ, ਨਾਦੌਣ ਦੇ ਯੁੱਧ ਵਿਚ 1691 ਈਸਵੀ
੪.ਭਾਈ ਲਹਿਣਾ ਜੀ, ਗੁਲੇਰ ਯੁੱਧ 1696 ਈਸਵੀ
੫.ਭਾਈ ਦਾਨ ਸਿੰਘ ਜੀ ਚਮਕੌਰ ਦੀ ਜੰਗ ਵਿਚ 1704 ਈਸਵੀ
੬.ਭਾਈ ਰਾਇ ਸਿੰਘ ਜੀ ਖਿਦਰਾਣੇ ਦੀ ਢਾਬ ਤੇ 1705 ਈਸਵੀ
੭.ਭਾਈ ਮਾਨ ਸਿੰਘ ਜੀ, ਚਿਤੌੜ ਗੜ੍ਹ ਵਿਖੇ 1708 ਈਸਵੀ
੮. ਭਾਈ ਜੇਠਾ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ
੯. ਭਾਈ ਰੂਪ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ
੧੦. ਭਾਈ ਮਨੀ ਸਿੰਘ ਜੀ, ਲਾਹੌਰ ਵਿਖੇ 1734 ਈਸਵੀ
੧੧.ਭਾਈ ਜਗਤ ਸਿੰਘ ਜੀ, ਲਾਹੌਰ ਵਿਖੇ 1734 ਈਸਵੀ

ਆਪ ਜੀ ਦੇ ਕੁੱਲ 10 ਪੁੱਤਰ ਸਨ, ਜਿਨ੍ਹਾਂ ਵਿਚੋਂ 8 ਪੁੱਤਰ ਕੌਮ ਦੇ ਲੇਖੇ ਲੱਗੇ। ਇਹ 8 ਹੇਠ ਲਿਖੇ ਹਨ--

੧.ਭਾਈ ਭਗਵਾਨ ਸਿੰਘ ਜੀ, ਸਟਰਗੜ੍ਹ 1700 ਈਸਵੀ
੨.ਭਾਈ ਉਦੈ ਸਿੰਘ ਜੀ ਸ਼ਾਹੀ ਟਿੱਬੀ 1704 ਈਸਵੀ
੩. ਭਾਈ ਬਚਿੱਤਰ ਸਿੰਘ ਜੀ, ਕੋਟਲਾ ਨਿਹੰਗ ਖਾਂ ,1704 ਈਸਵੀ
੪.ਭਾਈ ਅਨਿਕ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ
੫.ਭਾਈ ਅਜਬ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ
੬.ਭਾਈ ਅਜਾਇਬ ਸਿੰਘ ਜੀ ਚਮਕੌਰ ਦੀ ਜੰਗ 1704 ਈਸਵੀ
੭. ਭਾਈ ਚਿਤਰ ਸਿੰਘ ਜੀ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)
੮.ਭਾਈ ਗੁਰਬਖਸ਼ ਸਿੰਘ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)

ਬਾਕੀ ਬਚੇ ਦੋ ਪੁੱਤਰ ਭਾਈ ਬਲਰਾਮ ਸਿੰਘ ਜੀ ਅਤੇ ਭਾਈ ਦੇਸਾ ਸਿੰਘ ਜੀ ਨੇ ਵੀ ਖਾਲਸਾ ਪੰਥ ਦੀ ਬਹੁਤ ਸੇਵਾ ਕੀਤੀ ਹੈ। ਭਾਈ ਦੇਸਾ ਸਿੰਘ ਜੀ ਓਹੀ ਹਨ ਜਿਹਨਾਂ ਰਹਿਤਨਾਮੇ ਲਿਖੇ ਹਨ।ਸ਼ਹੀਦਾਂ ਦੇ ਇਸ ਪਰਿਵਾਰ ਦੀ ਇਸ ਅਨੂਠੀ ਸ਼ਹਾਦਤ ਅੱਗੇ ਸੀਸ ਝੁਕਾਉਂਦੇ ਹਾਂ।

# ਯੂਨਾਈਟਿਡ ਫੀਲਡ ਹਾਕੀ ਕਲੱਬ ਨੇ ਕੈਲਗਰੀ ਜੂਨੀਅਰ ਲੀਗ ਅਤੇ ਫੀਲਡ ਹਾਕੀ ਫੈਸਟੀਵਲ ਜਿੱਤਿਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੀਲਡ ਹਾਕੀ ਅਲਬਰਟਾ ਵੱਲੋਂ ਕੈਲਗਰੀ ਯੂਨੀਵਰਸਿਟੀ ਦੀ ਟਰਫ ਉੱਪਰ ਫੀਲਡ ਹਾਕੀ ਫੈਸਟੀਵਲ ਕਰਵਾਇਆ ਗਿਆ ਜਿਸ ਵਿੱਚ ਯੂਨਾਈਟਿਡ ਫੀਲਡ ਹਾਕੀ ਕਲੱਬ ਨੇ ਅੰਡਰ 14 ਵਰਗ ਵਿੱਚ ਦੋ ਟੀਮਾਂ ਨੇ ਭਾਗ ਲਿਆ । 8 ਟੀਮਾਂ ਵਿੱਚੋਂ ਯੂਨਾਈਟਡ ਦੀਆਂ ਦੋਵੇਂ ਟੀਮਾਂ ਅਨਬੀਟਨ ਰਹਿੰਦੇ ਹੋਏ ਫਾਈਨਲ ਵਿੱਚ ਪਹੁੰਚੀਆਂ । ਯੂਨਾਈਟਿਡ ਵਾਈਟ 5-2 ਨਾਲ ਫਾਈਨਲ ਵਿੱਚ ਜੇਤੂ ਰਹੀ । ਏਕਮ ਢਿਲੋ ਨੇ 3 ਗੋਲ ਕੀਤੇ । ਸੂਟਆਊਟਸ ਦਾ ਮੁਕਾਬਲਾ ਅਨਮੋਲ ਝੱਲੀ ਨੇ ਜਿੱਤਿਆ । ਹਰ ਸਾਲ ਦੀ ਤਰਾਂ ਇਸ ਸਾਲ ਵੀ ਫੀਲਡ ਹਾਕੀ ਅਲਬਰਟਾ ਵੱਲੋਂ ਕਰਵਾਈ ਜਾਂਦੀ ਕੈਲਗਰੀ ਜੂਨੀਅਰ ਲੀਗ ਵੀ ਲਗਭਗ ਦੋ ਮਹੀਨੇ ਚੱਲੀ । ਜਿਸ ਦੇ ਮੁਕਾਬਲੇ ਹਰੇਕ ਸੰਡੇ ਯੂਨੀਵਰਸਿਟੀ ਦੀ ਟਰਫ ਉੱਪਰ ਮਈ ਤੋਂ ਜੂਨ ਤੱਕ 5 ਕਰਵਾਏ ਗਏ ।ਜਿਸ ਵਿੱਚ ਅੰਡਰ14 ਨੇ ਫਾਈਨਲ ਮੁਕਾਬਲਾ ਯੂਨਾਈਟਿਡ ਅਤੇ ਸਾਰਸੈਨ ਵਿਚਕਾਰ ਖੇਡਿਆ ਗਿਆ ਜੋ ਕਿ ਯੂਨਾਈਟਿਡ ਨੇ ਨੇ 3-1 ਨਾਲ ਜਿੱਤਿਆ ।

ਯੂਨਾਈਟਿਡ ਫੀਲਡ ਹਾਕੀ ਕਲੱਬ ਨੇ ਕੈਲਗਰੀ ਦੀ ਇਹ ਅੰਡਰ14 ਟੀਮ ਸਿੱਖ ਗੇਮਜ ਕਨੇਡਾ ਜੋ ਕੇ ਵੈਨਕੋਵਰ ਹੋਈਆਂ ਵਿੱਚੋ ਵੀ ਪਹਿਲੇ ਸਥਾਨ ਤੇ ਰਹੀ ਸੀ। ਜੇਤੂ ਟੀਮ ਵਿੱਚ ਅਨਮੋਲ , ਹਰਕ,ਅਗਮ, ਅਰਮਾਨ, ਏਕਮ, ਗੁਨਤਾਜ, ਅਰਵ, ਏਕਬੀਰ, ਅਵੀ, ਗੇਵਨ, ਜਸਟਿਨ, ਜੋਰਾਵਰ, ਰੋਬੀ ਗਿੱਲ ਅਤੇ ਗੁਰਨਿਵਾਜ ਸਨ।

ਕਲੱਬ ਵੱਲੋ ਕੋਚ ਮਨਦੀਪ ਝੱਲੀ ਤੇ ਸੁਰਿੰਦਰ ਸਿੰਘ ਸਾਰੇ ਮਾਪਿਆ ,ਸਪਾਂਸਰਾ ,ਪਲੇਅਰਾਂ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ। ਕਲੱਬ ਪ੍ਰਧਾਨ ਕੇਵਲ ਢਿੱਲੋ ਨੇ ਬੱਚਿਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਕਿ ਕਿ ਯੂਨਾਈਟਿਡ ਕਲੱਬ ਜੋ ਕੈਲਗਰੀ ਵਿੱਚ ਪਿਛਲੇ 8 ਸਾਲਾਂ ਤੋਂ ਬੱਚਿਆਂ ਨੂੰ ਹਾਕੀ ਨਾਲ ਜੋੜਨ ਦਾ ਕੰਮ ਕਰ ਰਿਹਾ ਹੈ ਤੁਸੀ ਵੀ ਆਪਣੇ ਬੱਚਿਆਂ ਨੂੰ ਹਾਕੀ ਨਾਲ ਜੋੜਨ ਲਈ 403 973 1012 ਤੇ ਸੰਪਰਕ ਕਰ ਸਕਦੇ ਹੋ।













# ਇਹ 307 ਕੀ ਹੁੰਦੀ ਐ ਜੀ?



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062



ਸੰਨ 2012 ਵਿੱਚ ਸਾਰੀਆਂ ਅਟਕਲਬਾਜ਼ੀਆਂ ਨੂੰ ਝੁਠਲਾਉਂਦੇ ਹੋਏ ਲਗਾਤਾਰ ਦੂਸਰੀ ਵਾਰ ਅਕਾਲੀ ਸਰਕਾਰ ਬਣ ਗਈ ਸੀ। ਸਰਕਾਰ ਬਣਨ ਦੇ 4 ਕੁ ਮਹੀਨੇ ਬਾਅਦ ਬਾਦਲ ਪਰਿਵਾਰ ਦੇ ਇੱਕ ਪ੍ਰਭਾਵਸ਼ਾਲੀ ਕੰਡਕਟਰ ਨੇ ਕਿਸੇ ਕਾਰਨ ਪਰੇਸ਼ਾਨ ਕਰਨ ਲਈ ਮੇਰੀ ਪੋਸਟਿੰਗ ਐਸ.ਪੀ. ਡੀ. ਬਰਨਾਲੇ ਤੋਂ ਬਤੌਰ ਐਸ.ਪੀ. ਮਲੋਟ ਕਰਵਾ ਦਿੱਤੀ ਕਿਉਂਕਿ ਉਥੇ ਨਾ ਤਾਂ ਐਸ.ਪੀ. ਦਾ ਕੋਈ ਦਫਤਰ ਸੀ ਤੇ ਨਾ ਹੀ ਰਿਹਾਇਸ਼ ਤੇ ਉੱਪਰੋਂ ਰੋਜ਼ਾਨਾ ਦੀ ਵੀ.ਆਈ.ਪੀ. ਡਿਊਟੀ। ਮੇਰੀ ਰਿਹਾਇਸ਼ ਦਾ ਮਸਲਾ ਐਸ.ਐਚ.ਉ. ਲੰਬੀ ਗੁਰਪ੍ਰੀਤ ਬੈਂਸ ਨੇ ਹੱਲ ਕਰਵਾ ਦਿੱਤਾ ਤੇ ਦਫਤਰ ਦਾ ਪ੍ਰਬੰਧ ਮੈਂ ਖੁਦ ਕਰ ਲਿਆ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਹਲਕਾ ਲੰਬੀ ਮੇਰੀ ਸਬ ਡਵੀਜ਼ਨ ਵਿੱਚ ਪੈਂਦਾ ਸੀ। ਸੀ.ਐਮ. ਸਾਹਿਬ ਚੰਡੀਗੜ੍ਹ ਤੋਂ ਜਿਆਦਾ ਪਿੰਡ ਬਾਦਲ ਰਹਿੰਦੇ ਸਨ ਤੇ ਹਫਤੇ ਦਸਾਂ ਦਿਨਾਂ ਬਾਅਦ ਸੰਗਤ ਦਰਸ਼ਨ ਦੇ ਪ੍ਰੋਗਰਾਮ ਚੱਲਦੇ ਰਹਿੰਦੇ ਸਨ। ਉਨ੍ਹਾਂ ਦੀ ਇੱਕ ਖਾਸੀਅਤ ਸੀ ਕਿ ਸਵੇਰੇ ਜਾਣ ਤੋਂ ਪਹਿਲਾਂ ਤੇ ਸ਼ਾਮੀਂ ਵਾਪਸ ਆ ਕੇ ਆਮ ਲੋਕਾਂ ਨੂੰ ਜਰੂਰ ਮਿਲਦੇ ਸਨ। ਉਹ ਸੁਭਾਅ ਤੋਂ ਬਹੁਤ ਨਰਮ ਸਨ ਤੇ ਜੇ ਕਿਸੇ ਨੂੰ ਘਸਾਉਣਾ ਹੋਵੇ ਤਾਂ ਉਸ ਨੂੰ ਵੀ ਬੜੇ ਪਿਆਰੇ ਤੇ ਮਿੱਠੇ ਬੋਲਾਂ ਨਾਲ ਰੱਜ ਕੇ ਘਸਾਉਂਦੇ ਸਨ। ਇੱਕ ਦਿਨ ਸਵੇਰੇ ਉਹ ਬਾਦਲ ਪਿੰਡ ਵਾਲੇ ਦਫਤਰ ਬੈਠੇ ਹੋਏ ਸਨ ਕਿ ਇੱਕ ਬੇਰੋਜ਼ਗਾਰ ਯੂਨੀਅਨ ਦਾ ਪ੍ਰਧਾਨ ਇਲਾਕੇ ਦੇ ਪੰਜ ਸੱਤ ਮੋਹਤਬਰਾਂ ਨੂੰ ਨਾਲ ਲੈ ਕੇ ਮਿਲਣ ਲਈ ਆ ਗਿਆ। ਪ੍ਰਧਾਨ ਨੇ ਬੇਨਤੀ ਕੀਤੀ ਕਿ ਸਾਡੀ ਯੂਨੀਅਨ 'ਤੇ 3 ਕੁ ਮਹੀਨੇ ਪਹਿਲਾਂ ਪੁਲਿਸ ਨੇ ਪਰਚਾ ਦਰਜ਼ ਕਰ ਦਿੱਤਾ ਸੀ। ਅਸੀਂ ਪਹਿਲਾਂ ਵੀ ਦੋ ਤਿੰਨ ਵਾਰ ਤੁਹਾਡੇ ਕੋਲ ਪੇਸ਼ ਹੋ ਚੁੱਕੇ ਹਾਂ। ਮੈਂ ਲੰਬੀ ਹਲਕੇ ਦੇ ਫਲਾਣੇ ਪਿੰਡ ਦੇ ਜਗੀਰ ਸਿੰਘ (ਕਾਲਪਨਿਕ ਨਾਮ) ਦਾ ਲੜਕਾ ਹਾਂ, ਸਾਡੀ ਮਦਦ ਕੀਤੀ ਜਾਵੇ। ਸੀ.ਐਮ. ਸਾਹਿਬ ਬੋਲੇ, ਉਹੋ ਹੋ, ਕਾਕਾ ਜੀ ਤੁਸੀਂ ਜਗੀਰ ਸਿਉਂ ਦੇ ਬੇਟੇ ਉ, ਉਹ ਤੇ ਮੇਰੇ ਭਰਾਵਾਂ ਵਰਗਾ ਆ। ਤੁਹਾਡੇ 'ਤੇ ਕਿਵੇਂ ਪਰਚਾ ਦਰਜ਼ ਹੋ ਗਿਆ ਜੀ?"

ਸਾਡੇ 'ਤੇ 307, 353 ਤੇ 148, 149 ਦਾ ਪਰਚਾ ਹੋਇਆ ਆ ਜੀ" ਪ੍ਰਧਾਨ ਨੇ ਭਿੱਜੇ ਚੂਹੇ ਵਾਂਗ ਚੂੰ ਚੂੰ ਕੀਤੀ। ਉਐਸ.ਐਸ.ਪੀ. ਸਾਹਿਬ ਇਹ 307 ਤੇ 353 ਕੀ ਹੁੰਦੀ ਐ ਜੀ?" ਸੀ.ਐਮ. ਸਾਹਿਬ ਨੇ ਭੋਲੇ ਜਿਹੇ ਬਣ ਕੇ ਕੋਲ ਖੜ੍ਹੇ ਐਸ.ਐਸ.ਪੀ. ਨੂੰ ਪੁੱਛਿਆ। ਉਸ ਨੇ ਜਵਾਬ ਦਿੱਤਾ, ਉਸਰ 307 ਕਿਸੇ 'ਤੇ ਮਾਰ ਦੇਣ ਦੀ ਨੀਅਤ ਨਾਲ ਹਮਲਾ ਕਰਨ 'ਤੇ ਲੱਗਦੀ ਹੈ ਤੇ 353 ਕਿਸੇ ਸਰਕਾਰੀ ਮੁਲਾਜ਼ਮ ਨੂੰ ਡਿਊਟੀ ਕਰਨ ਤੋਂ ਰੋਕਣ 'ਤੇ ਲੱਗਦੀ ਹੈ। ਇਨ੍ਹਾਂ ਨੇ ਇੱਟਾਂ ਪੱਥਰਾਂ ਨਾਲ ਪੁਲਿਸ 'ਤੇ ਹਮਲਾ ਕੀਤਾ ਸੀ ਜਿਸ ਕਾਰਨ ਕਈ ਮੁਲਾਜ਼ਮਾਂ ਨੂੰ ਸੱਟਾਂ ਲੱਗੀਆਂ ਸਨ।" ਸੀ.ਐਮ. ਸਾਹਿਬ ਨੇ ਇਹ ਦਮ ਹੈਰਾਨ ਹੋਣ ਵਰਗਾ ਚਿਹਰਾ ਬਣਾ ਲਿਆ, ਉਇਹ ਤੇ ਕਾਕਾ ਜੀ ਬਹੁਤ ਮਾੜੀ ਗੱਲ ਹੈ। ਤੁਸੀਂ ਤੇ ਪੁਲਿਸ ਵਾਲਿਆਂ ਨੂੰ ਹੀ ਮਾਰ ਦੇਣ ਲੱਗੇ ਸੀ। ਚਲੋ ਐਸ.ਐਸ.ਪੀ. ਸਾਹਿਬ ਇਹ ਆਪਣੇ ਈ ਬੱਚੇ ਆ, ਵੇਖੋ ਜੇ ਕੁਝ ਹੋ ਸਕਦਾ ਹੈ ਤਾਂ।" ਇਸ ਤੋਂ ਪਹਿਲਾਂ ਕਿ ਪ੍ਰਧਾਨ ਕੁਝ ਹੋਰ ਬੋਲਦਾ, ਪੁਲਿਸ ਵਾਲਿਆਂ ਨੇ ਉਸ ਨੂੰ ਬਾਹਰ ਕੱਢ ਦਿੱਤਾ। ਮੈਂ ਐਸ.ਐਚ.ਉ. ਨੂੰ ਪੁੱਛਿਆ ਕਿ ਇਹ ਕੀ ਸਟੋਰੀ ਹੈ? ਉਸ ਨੇ ਦੱਸਿਆ ਕਿ ਤੁਹਾਡੇ ਲੱਗਣ ਤੋਂ ਮਹੀਨਾ ਕੁ ਪਹਿਲਾਂ ਇਹ ਯੂਨੀਅਨ ਵਾਲੇ ਸੀ.ਐਮ. ਸਾਹਿਬ ਨੂੰ ਇੱਕ ਸੰਗਤ ਦਰਸ਼ਨ ਵਿੱਚ ਮਿਲੇ ਸਨ ਤੇ ਉਨ੍ਹਾਂ ਨੇ ਇਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਸਨ। ਪਰ ਹਰ ਯੂਨੀਅਨ ਵਿੱਚ ਕੁਝ ਸ਼ਰਾਰਤੀ ਬੰਦੇ ਵੀ ਹੁੰਦੇ ਹਨ, ਉਨ੍ਹਾਂ ਨੇ ਬਿਨਾਂ ਵਜ੍ਹਾ ਬਾਕੀਆਂ ਨੂੰ ਭੜਕਾ ਕੇ ਸੀ.ਐਮ. ਸਾਹਿਬ ਦੇ ਘਰ ਅੱਗੇ ਧਰਨਾ ਲਗਾ ਦਿੱਤਾ।

ਇਹ ਵੇਖ ਕੇ ਅਫਸਰਾਂ ਦੇ ਹੱਥ ਪੈਰ ਫੁੱਲ ਗਏ। ਸੜੇ ਬਲੇ ਪੁਲਿਸ ਵਾਲਿਆਂ ਨੇ ਪਹਿਲਾਂ ਤਾਂ ਟਿਕਾ ਕੇ ਲਾਠੀਚਾਰਜ ਕੀਤਾ ਤੇ ਫਿਰ ਜਿੰਨੇ ਹੱਥ ਲੱਗੇ, ਸਾਰੇ ਪਰਚਾ ਠੋਕ ਕੇ ਜੇਲ੍ਹ ਭੇਜ ਦਿੱਤੇ। ਪਰ ਪ੍ਰਧਾਨ ਤੇ ਕੁਝ ਹੋਰ ਅਹੁਦੇਦਾਰ ਉਥੋਂ ਖਿਸਕ ਗਏ ਤੇ ਲੰਬੀ ਹਲਕੇ ਦਾ ਹੋਣ ਕਾਰਨ ਸੀ.ਐਮ. ਸਾਹਿਬ ਨੇ ਅਜੇ ਇਸ ਨਾਲ ਨਰਮੀ ਵਰਤਣ ਲਈ ਕਿਹਾ ਹੋਇਆ ਹੈ। ਹੁਣ ਜੇਲ੍ਹ ਅੰਦਰ ਬੈਠੇ ਬਾਕੀ ਯੂਨੀਅਨ ਵਾਲੇ ਪ੍ਰਧਾਨ ਨੂੰ ਧਮਕੀਆਂ ਦੇ ਰਹੇ ਹਨ ਕਿ ਤੂੰ ਤਾਂ ਲੰਬੀ ਹਲਕੇ ਦਾ ਹੋਣ ਕਾਰਨ ਅਰਾਮ ਨਾਲ ਬਾਹਰ ਬੈਠਾ ਹੈਂ। ਸਾਨੂੰ ਵੀ ਬਾਹਰ ਕਢਵਾ ਨਹੀਂ ਅਸੀਂ ਬੰਦੇ ਭੇਜ ਕੇ ਤੇਰੀਆਂ ਲੱਤਾਂ ਤੁੜਵਾ ਦੇਣੀਆਂ ਹਨ। ਇਹ ਪਹਿਲਾਂ ਵੀ ਕਈ ਵਾਰ ਪੇਸ਼ ਹੋ ਚੁੱਕਾ ਹੈ ਪਰ ਸੀ.ਐਮ. ਸਾਹਿਬ ਹਰ ਵਾਰੀ ਇਹ 307 ਕੀ ਹੁੰਦੀ ਐ ਜੀ? ਇਹ 353 ਕੀ ਹੁੰਦੀ ਐ ਜੀ? ਤੁਹਾਨੂੰ ਘਰ ਅੱਗੇ ਧਰਨਾ ਲਾਉਣ ਦੀ ਕੀ ਜਰੂਰਤ ਸੀ? ਇਹ ਤਾਂ ਤੁਹਾਡਾ ਹੀ ਘਰ ਹੈ, ਅੰਦਰ ਬੈਠ ਜਾਣਾ ਸੀ ਆਦਿ ਕਹਿ ਕਹਿ ਕੇ ਇਨ੍ਹਾਂ ਨੂੰ ਘਸਾ ਰਹੇ ਹਨ। ਉਨ੍ਹਾਂ ਨੂੰ ਗੁੱਸਾ ਇਸ ਗੱਲ ਦਾ ਹੈ ਕਿ ਜਦੋਂ ਮੈਂ ਤੁਹਾਡੀਆਂ ਮੰਗਾਂ ਮੰਨ ਲਈਆਂ ਸਨ ਤਾਂ ਮੇਰੇ ਘਰ ਅੱਗੇ ਧਰਨਾ ਕਿਉਂ ਲਾਇਆ?

ਇਸ ਤੋਂ ਬਾਅਦ ਵੀ ਪ੍ਰਧਾਨ ਦੋ ਤਿੰਨ ਵਾਰ ਆਇਆ ਪਰ ਗੱਲ ਉਥੇ ਦੀ ਉਥੇ ਹੀ ਰਹੀ। ਆਖਰ ਜਦੋਂ ਉਸ ਦੇ ਸਬਰ ਦਾ ਪਿਆਲਾ ਭਰ ਗਿਆ ਤਾਂ ਉਸ ਨੇ ਆਖਰੀ ਹੱਲਾ ਮਾਰਨ ਦਾ ਪ੍ਰੋਗਰਾਮ ਬਣਾ ਲਿਆ। ਉਸ ਨੇ ਸੋਚ ਲਿਆ ਕਿ ਅੱਜ ਜਾਂ ਤਾਂ ਕਿਲਾ ਫਤਿਹ ਕਰ ਕੇ ਆਵਾਂਗਾ ਜਾਂ ਫਿਰ ਮੈਂ ਵੀ ਜੇਲ੍ਹ ਚਲਾ ਜਾਵਾਂਗਾ। ਉਹ ਉਸ ਦਿਨ ਇਕੱਲਾ ਹੀ ਆਇਆ ਤੇ ਇਸ ਤੋਂ ਪਹਿਲਾਂ ਕਿ ਪੁਲਿਸ ਵਾਲੇ ਕੁਝ ਸਮਝ ਪਾਉਂਦੇ, ਬਿਜਲੀ ਦੀ ਗਤੀ ਨਾਲ ਮੇਜ਼ ਦੇ ਉੱਪਰ ਦੀ ਘੁੰਮ ਕੇ ਸੀ.ਐਮ. ਸਾਹਿਬ ਦੀਆਂ ਲੱਤਾਂ ਨੂੰ ਚੰਬੜ ਗਿਆ, ਉਬਾਪੂ ਜੀ ਸਾਡੇ ਕੋਲੋਂ ਬਹੁਤ ਵੱਡੀ ਗਲਤੀ ਹੋ ਗਈ ਸੀ, ਹੁਣ ਸਾਨੂੰ ਬਖਸ਼ ਦਿਉ। ਜਾਂ ਤਾਂ ਮੈਨੂੰ ਵੀ ਜੇਲ੍ਹ ਭਿਜਵਾ ਦਿਉ ਜਾਂ ਬਾਕੀਆਂ ਨੂੰ ਬਾਹਰ ਕਢਵਾਉ।" ਸੀ.ਐਮ. ਸਾਹਿਬ ਹੱਸ ਪਏ ਤੇ ਉਸ ਨੂੰ ਪਿਆਰ ਨਾਲ ਉਠਾ ਕੇ ਐਸ.ਐਸ.ਪੀ. ਨੂੰ ਕਹਿ ਦਿੱਤਾ ਕਿ ਕਾਕਾ ਜੀ ਇਨ੍ਹਾਂ ਦਾ ਕੰਮ ਕਰ ਕੇ ਦੋ ਹਫਤਿਆਂ ਵਿੱਚ ਰਿਪੋਰਟ ਕਰੋ। ਐਸ.ਐਸ.ਪੀ. ਇਸ਼ਾਰਾ ਸਮਝ ਗਿਆ ਤੇ ਦੋ ਚਾਰ ਦਿਨਾਂ ਵਿੱਚ ਹੀ ਉਨ੍ਹਾਂ ਦੀਆਂ ਜ਼ਮਾਨਤਾਂ ਹੋ ਗਈਆਂ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

Call Romi Sidhu For Insurance & Financial Needs
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *AUTO *LIFE *DISABILITY *RRSP *RESP *VEHICLE FINANCE *CRITICAL ILLNESS *MUTUAL FUNDS
Romi Sidhu, Agent

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਿਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB I PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

ਝੀਲ ਦੇ ਕਿਨਾਰੇ ਰਹਿਣਾ
ਡਾਸਨ ਲੈਂਡਿੰਗ ਵਿੱਚ ਸਾਰਾ ਸਾਲ ਰਹਿਣਾ ਹੈ
DAWSON'S LANDING CHESTERMERE A QUALICO COMMUNITY



ਚੈਸਟਰਮੀਅਰ ਕਮਿਓਨਿਟੀ,
ਜਿੱਥੇ ਤੁਹਾਨੂੰ ਤੁਹਾਡਾ ਘਰ ਹੋਣ ਉੱਪਰ ਮਾਣ ਹੋਵੇ
ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਚੈਸਟਰਮੇਰ ਦੇ ਝੀਲ ਦੇ ਕਿਨਾਰੇ ਸ਼ਹਿਰ ਵਿੱਚ ਡਾਸਨ ਦੀ ਲੈਂਡਿੰਗ, ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁਝ ਮਿੰਟਾਂ ਵਿੱਚ ਸਥਿਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸ ਵਿੱਚ ਤੁਸੀਂ ਆਪਣਾ ਘਰ ਹੋਣ ਉੱਪਰ ਮਾਣ ਮਹਿਸੂਸ ਕਰੋਗੇ।
liveindawsonslanding.ca
ਹਾਈਵੇਅ 1 ਰਾਹੀਂ ਡਾਊਨਟਾਊਨ ਕੈਲਗਰੀ ਤੱਕ ਪਹੁੰਚ
ਸਟੋਰਮ ਵਾਟਰ ਕਿਡਨੀ ਬਣਾਉਣ ਲਈ ਪਹਿਲਾ ਰਿਹਾਇਸ਼ੀ ਭਾਈਚਾਰਾ™
ਮਾਲਕਾਂ ਦੀ ਐਸੋਸੀਏਸ਼ਨ ਜੋ ਘਰੇਲੂ ਮੁੱਲਾਂ ਨੂੰ ਸੁਰੱਖਿਅਤ ਰੱਖਦੀ ਹੈ
ਨਵੀਆਂ ਲਾਟਾਂ ਹੁਣ ਵੇਚ ਰਹੇ ਹਾਂ
NUVISTA HOMES • BROADVIEW HOMES • MORRISON HOMES • STERLING HOMES
ਲੇਨਡ ਡੁਪਲੈਕਸ ਫਰੋਮ ਦੀ ਹਾਈ $400s
ਫਰੰਟ ਗੈਰਾਜ ਡੁਪਲੈਕਸ ਫਰੋਮ ਦੀ ਮਿੱਡ $600s
ਬੰਗਲੋ ਹੋਮਜ ਫਰੋਮ ਦੀ ਮਿੱਡ $700s
ਫਰੰਟ ਗੈਰਾਜ ਹੋਮਜ ਫਰੋਮ ਦੀ ਮਿੱਡ $700s
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: • Airline Tickets • Tour Packages • Cruises • Travel Insurance • Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ • ਏਅਰਲਾਈਨਜ਼ ਟਿਕਟ • ਟੂਰ ਪੈਕੇਜ • ਕਰੂਜ਼ਜ • ਟਰੈਵਲ ਇੰਸ਼ੋਰੈਂਸ • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

COLDWELL BANKER MOUNTAIN CENTRAL
ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
ANDY BHALLA
Real Estate Agent
Residential, Commercial, Property Management and Rural
Satisfaction Guaranteed- One year warranty on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171


ਕੈਨੇਡਾ ਦਿਵਸ ਦੀਆਂ ਸਾਰੇ ਕੈਨੇਡਾ ਵਾਸੀਆਂ
ਨੂੰ ਲੱਖ ਲੱਖ ਵਧਾਈਆਂ
HAPPY
Canada
DAY
GEORGE CHAHAL
MEMBER OF PARLIAMENT,
CALGARY SKYVIEW
Constituency Office
Unit:101, 7 Westwinds Crescent
NE, Calgary, AB T3J 5H2
Phone: 403 291 0018
Parliament Hill Office
Confederation Building, Room 807
229 Wellington St Ottawa,
ON K1A 0A6


Vermilion Hill
ਫੇਸ 3
ਛੇਤੀ ਆ ਰਿਹਾ ਹੈ
ਸਭ ਤੋਂ ਪਹਿਲਾਂ ਜਾਣਨ ਲਈ ਸਾਈਨ ਅੱਪ ਕਰੋ
ਸਾਊਥ ਵੈਸਟ ਕੈਲਗਰੀ ਦੀ
ਨਵੀਂ ਨਕੋਰ ਕਮਿਓਨਿਟੀ
ਵਰਮਿਲੀਅਨ ਹਿੱਲ ਵਿੱਚ ਬੇਅੰਤ ਮਜ਼ੇ ਅਤੇ ਆਰਾਮ ਤੁਹਾਡੀ ਉਡੀਕ ਕਰ ਰਹੇ ਹਨ। ਫੇਸ 3 ਬਹੁਤ ਖਾਹਿਸਾਂ ਭਰੀ ਰਿਲੀਜ਼ ਵਿੱਚ ਕਮਿਊਨਿਟੀ ਦਾ ਪਹਿਲਾ ਖੇਡ ਦਾ ਮੈਦਾਨ ਅਤੇ ਖੇਤਰ ਵਿੱਚ ਟਾਊਨਹੋਮਸ ਦੀ ਸ਼ੁਰੂਆਤ ਸ਼ਾਮਲ ਹੋਵੇਗੀ। ਵਰਮਿਲੀਅਨ ਹਿੱਲ ਇੱਕ ਕਮਿਊਨਿਟੀ ਤੋਂ ਵੱਧ ਹੈ। ਇਹ ਜੀਵਨ ਭਰ ਦੀਆਂ ਯਾਦਾਂ ਬਣਾਉਣ ਲਈ ਸਹੀ ਜਗ੍ਹਾ ਹੈ!
Alphine Ave
37 St SW
Fish Creek Blvd SW
201
22X
201
ਨਵਾਂ
ਟਾਊਨ ਹੋਮ
ਡੁਪਲੈਕਸ ਹੋਮ
ਲੇਨਡ ਹੋਮ
ਫਰੰਟ ਗੈਰਾਜ ਹੋਮ
liveinvermilionhill.com
• NuVista Homes • Genesis Builders • Shane Homes
• Homes by Avi • Sterling Homes • Broadview Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD.
Goliath
Tractor Service Ltd.
Rig Logistics is now Hiring Long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

# ਬੰਗਲਾਦੇਸ਼ੀ ਲੜਕੀਆਂ ਵੱਲੋਂ ਕਹਿਣਾ ਨਾ ਮੰਨਣ 'ਤੇ ਚੀਨ 'ਚ ਵੇਚੇ ਉਨ੍ਹਾਂ ਦੇ ਅੰਗ

ਵਿਨੀਪੈੱਗ: ਵੀਗਰ ਮੁਸਲਮਾਨਾਂ ਦੀਆਂ ਲੜਕੀਆਂ ਤੋਂ ਬਾਅਦ ਚੀਨ ਹੁਣ ਬੰਗਲਾਦੇਸ਼ੀ ਲੜਕੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਸ ਕਾਰਨ ਚੀਨੀ ਲੜਕੇ ਪਹਿਲਾਂ ਵੱਡੀ ਯੋਜਨਾ ਤਹਿਤ ਬੰਗਲਾਦੇਸ਼ੀ ਲੜਕੀਆਂ ਨੂੰ ਫ਼ਸਾਉਂਦੇ ਹਨ, ਅਤੇ ਫ਼ਿਰ ਉਨ੍ਹਾਂ ਕੋਲੋਂ ਗੰਦਾ ਕੰਮ ਕਰਵਾਉਂਦੇ ਹਨ। ਇਨ੍ਹਾਂ ਚੀਨੀ ਲੜਕਿਆਂ ਦਾ ਕੰਮ ਗ਼ਰੀਬ ਬੰਗਲਾਦੇਸ਼ੀ ਲੜਕੀਆਂ ਨੂੰ ਵੱਡੇ-ਵੱਡੇ ਸੁਪਨੇ ਦਿਖਾ ਕੇ ਵਿਆਹ ਕਰਵਾਉਣਾ ਅਤੇ ਫ਼ਿਰ ਉਨ੍ਹਾਂ ਨੂੰ ਵੇਸ਼ਵਾਪੁਣੇ 'ਚ ਧੱਕਣਾ ਹੈ।
ਚੀਨ ਦੇ ਕੁਝ ਏਜੰਟ ਬੰਗਲਾਦੇਸ਼ 'ਚ ਇਹ ਕੰਮ ਕਰ ਰਹੇ ਹਨ। ਚੀਨੀ ਨਾਗਰਿਕ ਪਹਿਲਾਂ ਗ਼ਰੀਬ ਲੜਕੀਆਂ ਨੂੰ ਪਿਆਰ ਦੇ ਜਾਲ 'ਚ ਫ਼ਸਾ ਲੈਂਦੇ ਹਨ, ਅਤੇ ਫ਼ਿਰ ਉਨ੍ਹਾਂ ਨਾਲ ਵਿਆਹ ਕਰਵਾ ਕੇ ਉਨ੍ਹਾਂ ਨੂੰ ਚੀਨ 'ਚ ਵੇਸ਼ਵਾਪੁਣੇ 'ਚ ਧੱਕ ਦਿੰਦੇ ਹਨ। ਜਿਹੜੀਆਂ ਲੜਕੀਆਂ ਵੇਸ਼ਵਾਗਮਨੀ ਕਰਨ ਤੋਂ ਅਸਮਰੱਥ ਹੁੰਦੀਆਂ ਹਨ, ਉਨ੍ਹਾਂ ਦੇ ਸ਼ਰੀਰ ਦੇ ਅੰਗਾਂ ਦੀ ਤਸਕਰੀ ਕਰ ਦਿੱਤੀ ਜਾਂਦੀ ਹੈ।
ਯੂਰੇਸ਼ੀਅਨ ਟਾਈਮਜ਼ ਦੀ ਰਿਪੋਰਟ ਅਨੁਸਾਰ 1 ਜੁਲਾਈ 2023 ਨੂੰ ਇੱਕ ਗ਼ਰੀਬ ਵਿਧਵਾ ਔਰਤ ਨੇ ਬੰਗਲਾਦੇਸ਼ ਦੇ ਉੱਤਰੀ ਜ਼ਿਲ੍ਹੇ ਚੁਆਡਾਂਗਾ 'ਚ ਆਪਣੀ 19 ਸਾਲ ਦੀ ਧੀ ਦਾ ਵਿਆਹ ਚੀਨੀ ਨਾਗਰਿਕ ਕੁਈ ਪੋ ਵੇਈ ਨਾਲ ਕੀਤਾ। ਤਕਰੀਬਨ ਛੇ ਮਹੀਨਿਆਂ ਬਾਅਦ ਕੁਈ ਪੋ ਵੇਈ ਆਪਣੀ ਪਤਨੀ ਨੂੰ ਚੀਨ ਲੈ ਗਿਆ, ਅਤੇ ਉਸ ਨੂੰ ਦੇਹ ਵਪਾਰ ਲਈ ਮਜਬੂਰ ਕੀਤਾ। ਇਹ ਮਾਮਲਾ ਓਦੋਂ ਸਾਹਮਣੇ ਆਇਆ ਜਦੋਂ ਪੀੜਤਾ ਦੀ ਮਾਂ ਨੇ 31 ਮਾਰਚ 2024 ਨੂੰ ਢਾਕਾ ਟ੍ਰਾਇਬੀਊਨਲ 'ਚ ਕੇਸ ਦਾਇਰ ਕੀਤਾ। ਚੀਨ ਨਾ ਸਿਰਫ਼ ਬੰਗਲਾਦੇਸ਼ 'ਚ ਇਸ ਰੈਕੇਟ ਨੂੰ ਚਲਾ ਰਿਹਾ ਹੈ ਬਲਕਿ ਇਸ ਤੋਂ ਪਹਿਲਾਂ ਪਾਕਿਸਤਾਨ ਤੋਂ ਵੀ ਅਜਿਹੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ।ਰਿਪੋਰਟ 'ਚ ਕਿਹਾ ਗਿਆ ਹੈ ਕਿ 2019 'ਚ 600 ਗ਼ਰੀਬ ਪਾਕਿਸਤਾਨੀ ਲੜਕੀਆਂ ਨੂੰ ਚੀਨੀ ਮੁੰਡਿਆਂ ਨੇ ਦੁਲਹਨ ਬਣਾਉਣ ਤੋਂ ਬਾਅਦ ਵੇਚਣ ਦੀ ਜਾਣਕਾਰੀ ਸਾਹਮਣੇ ਆਈ ਸੀ। 1 ਮਈ 2024 ਨੂੰ ਬੰਗਲਾਦੇਸ਼ ਦੇ ਪੂਰਬੀ ਪਹਾੜੀ ਖੇਤਰ 'ਚ ਰਹਿਣ ਵਾਲੀ ਇੱਕ ਔਰਤ ਨੇ ਵੀ ਸਥਾਨਕ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਦੱਸਿਆ ਕਿ ਇੱਕ ਗਿਰੋਹ ਨੇ ਉਸਦੀ ਭੈਣ ਨੂੰ ਚੀਨ ਤਸਕਰੀ ਕਰਨ ਦੇ ਇਰਾਦੇ ਨਾਲ ਢਾਕਾ 'ਚ ਬੰਧਕ ਬਣਾ ਕੇ ਰੱਖਿਆ ਹੋਇਆ ਹੈ। 21 ਸਾਲਾ ਭੈਣ ਨੂੰ ਨਰਸਿੰਗ 'ਚ ਦਾਖਲਾ ਦਿਵਾਉਣ ਦੇ ਬਹਾਨੇ ਢਾਕਾ ਲਿਜਾਇਆ ਗਿਆ, ਪਰ ਬਾਅਦ 'ਚ ਇੱਕ ਚੀਨੀ ਨਾਗਰਿਕ ਨਾਲ ਉਸ ਦਾ ਵਿਆਹ ਕਰਨ ਲਈ ਮਜਬੂਰ ਕੀਤਾ ਗਿਆ।ਇਸ ਦੌਰਾਨ ਚਟਗਾਂਵ ਹਿੱਲ ਵੂਮੈੱਨ ਐਸੋਸੀਏਸ਼ਨ ਦੀ ਪ੍ਰਧਾਨ ਪਿੰਕੀ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ 'ਚ 500 ਤੋਂ ਵੱਧ ਲੜਕੀਆਂ, ਜਿਨ੍ਹਾਂ ਦੀ ਉਮਰ 13 ਸਾਲ ਦੇ ਕਰੀਬ ਹੈ, ਨੂੰ ਚੀਨ ਲਿਜਾਇਆ ਗਿਆ ਹੈ। ਪੀੜਤਾ ਦੀ ਮਾਂ ਨੇ ਦੱਸਿਆ ਕਿ ਬੇਟੀ ਨੇ 11 ਮਾਰਚ 2024 ਨੂੰ ਫ਼ੋਨ ਕਰ ਕੇ ਦੱਸਿਆ ਕਿ ਉਸ ਦੇ ਚੀਨੀ ਪਤੀ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਸ਼ਰੀਰਕ ਤੌਰ 'ਤੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੂੰ ਹਰ ਰੋਜ਼ 10-15 ਗਾਹਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਸ ਨੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਅਜਿਹਾ ਨਾ ਕੀਤਾ ਤਾਂ ਉਸ ਦੇ ਸ਼ਰੀਰ ਦੇ ਅੰਗ ਵੇਚ ਦਿੱਤੇ ਜਾਣਗੇ। ਔਰਤ ਨੇ ਦੱਸਿਆ ਕਿ ਚਾਰ ਹੋਰ ਗ਼ਰੀਬ ਔਰਤਾਂ ਨਾਲ ਵੀ ਅਜਿਹਾ ਹੀ ਹੋਇਆ ਸੀ।

# ਅਮਰੀਕਾ 'ਚ ਤੇਲਗੂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚ ਸ਼ਾਮਿਲ

ਅਮਰੀਕਾ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ 'ਚ ਤੇਲਗੂ ਬੋਲਣ ਵਾਲੇ ਲੋਕਾਂ ਦੀ ਆਬਾਦੀ ਤੇਜ਼ੀ ਨਾਲ ਵਧੀ ਹੈ। 2016 'ਚ ਇੱਥੇ ਤੇਲਗੂ ਬੋਲਣ ਵਾਲਿਆਂ ਦੀ ਗਿਣਤੀ 3.2 ਲੱਖ ਸੀ ਜੋ 2024 'ਚ ਵੱਧ ਕੇ 12.3 ਲੱਖ ਹੋ ਗਈ ਹੈ। ਤੇਲਗੂ ਅਮਰੀਕਾ 'ਚ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਵਿਦੇਸੀ ਭਾਸ਼ਾ ਬਣ ਗਈ ਹੈ। ਇਹ ਹਿੰਦੀ ਅਤੇ ਗੁਜਰਾਤੀ ਤੋਂ ਬਾਅਦ ਅਮਰੀਕਾ 'ਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਰਤੀ ਭਾਸ਼ਾ ਹੈ।
ਇੱਥੇ ਤੇਲਗੂ ਭਾਸ਼ੀ ਭਾਈਚਾਰੇ ਦੀ ਆਬਾਦੀ ਵੀ ਵਧੀ ਹੈ। ਅਮਰੀਕੀ ਜਣਗਣਨਾ ਬਿਊਰੋ ਦੇ ਅੰਕੜਿਆਂ 'ਤੇ ਆਧਾਰਿਤ ਅੰਕੜਾ ਰਿਪੋਰਟ ਤੋਂ ਇਹ ਖ਼ੁਲਾਸਾ ਹੋਇਆ ਹੈ ਜਿਸ 'ਚ ਕਿਹਾ ਗਿਆ ਹੈ ਕਿ ਚੌਥੀ ਪੀੜ੍ਹੀ ਦੇ ਪਰਵਾਸੀਆਂ ਅਤੇ ਨਵੇਂ ਆਏ ਵਿਦਿਆਰਥੀਆਂ 'ਚ ਤੇਲਗੂ ਭਾਸ਼ਾ ਬੋਲਣ 'ਚ ਵਾਧਾ ਹੋਇਆ ਹੈ। ਸਭ ਤੋਂ ਵੱਧ ਤੇਲਗੂ ਬੋਲਣ ਵਾਲੀ ਆਬਾਦੀ, ਲਗਭਗ ਦੋ ਲੱਖ, ਕੈਲੇਫ਼ੋਰਨੀਆ 'ਚ ਰਹਿੰਦੀ ਹੈ। ਉਸ ਤੋਂ ਬਾਅਦ ਟੈਕਸਸ ਆਉਂਦਾ ਹੈ ਜਿੱਥੇ 1.5 ਲੱਖ ਅਤੇ ਨਿਊ ਜਰਜ਼ੀ 'ਚ 1.1 ਲੱਖ ਤੇਲਗੂ ਬੋਲਣ ਵਾਲੇ ਹਨ।
ਇਲੇਨੋਏ 'ਚ 83 ਹਜ਼ਾਰ ਤੇਲਗੂ ਬੋਲਣ ਵਾਲੇ, ਜੌਰਜੀਆ 'ਚ 52 ਹਜ਼ਾਰ ਅਤੇ ਵਰਜੀਨੀਆ 'ਚ 78 ਹਜ਼ਾਰ ਲੋਕ ਰਹਿੰਦੇ ਹਨ। ਇਨ੍ਹਾਂ ਰਾਜਾਂ 'ਚ ਵੀ ਇਨ੍ਹਾਂ ਦੀ ਆਬਾਦੀ ਵਧੀ ਹੈ। ਤੇਲਗੂ ਕਮਿਊਨਿਟੀ ਐਸੋਸੀਏਸ਼ਨ ਵੀ ਇਨ੍ਹਾਂ ਅਨੁਮਾਨਾਂ ਨਾਲ ਸਹਿਮਤ ਹੈ। ਤੇਲਗੂ 350 ਭਾਸ਼ਾਵਾਂ 'ਚੋਂ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਵਿਦੇਸ਼ੀ ਭਾਸ਼ਾ ਹੈ, ਅਤੇ ਉਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਮੁੱਖ ਤੌਰ 'ਤੇ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਾਰਨ ਵਧੀ ਹੈ। ਇੱਕ ਰਿਪੋਰਟ ਮੁਤਾਬਿਕ ਹਰ ਸਾਲ ਲਗਭਗ 60-70 ਹਜ਼ਾਰ ਵਿਦਿਆਰਥੀ ਅਤੇ 10 ਹਜ਼ਾਰ ਵੀਜ਼ਾ ਧਾਰਕ ਅਮਰੀਕਾ ਆਉਂਦੇ ਹਨ।
ਤੇਲਗੂ ਐਸੋਸੀਏਸ਼ਨ ਔਫ਼ ਨੌਰਥ ਅਮੈਰੀਕਾ ਦੇ ਸਾਬਕਾ ਸਕੱਤਰ ਅਸ਼ੋਕ ਕੋਲਾ ਨੇ ਕਿਹਾ ਕਿ ਅਮਰੀਕਾ ਆਉਣ ਵਾਲੇ 80 ਫ਼ੀਸਦੀ ਨਵੇਂ ਲੋਕ ਉਨ੍ਹਾਂ ਦੀ ਸੰਸਥਾ ਨਾਲ ਰੈਜਿਸਟਰਡ ਹਨ। ਉਸ ਨੇ ਇਹ ਵੀ ਕਿਹਾ ਕਿ ਲਗਭਗ 75 ਪ੍ਰਤੀਸ਼ਤ ਲੋਕ ਅਮਰੀਕਾ 'ਚ ਡੈਲਾਸ, ਬੇਅ ਏਰੀਆ, ਉੱਤਰੀ ਕੈਰੋਲਾਈਨਾ, ਨਿਊ ਜਰਜ਼ੀ, ਐਟਲੈਂਟਾ, ਫ਼ਲੌਰੀਡਾ ਅਤੇ ਨੈਸ਼ਵਿਲ ਵਰਗੀਆਂ ਥਾਵਾਂ 'ਤੇ ਵੱਸਦੇ ਹਨ।
ਪੁਰਾਣੀ ਪੀੜ੍ਹੀ ਦੇ ਜ਼ਿਆਦਾਤਰ ਲੋਕ ਕਾਰੋਬਾਰੀ ਹਨ ਜਦ ਕਿ 80 ਫ਼ੀਸਦੀ ਨੌਜਵਾਨ IT ਅਤੇ ਫ਼ਾਈਨੈਂਸ 'ਚ ਹਨ। 2024 ਦੀ ਇੰਡੀਅਨ ਮੋਬਿਲਿਟੀ ਰਿਪੋਰਟ ਅਨੁਸਾਰ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਦੇ ਵਿਦਿਆਰਥੀ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਭਾਈਚਾਰਾ ਬਣਦੇ ਹਨ। ਉਹ ਪੂਰੀ ਵਿਦਿਆਰਥੀ ਆਬਾਦੀ ਦਾ 12.5 ਪ੍ਰਤੀਸ਼ਤ ਬਣਦੇ ਹਨ। ਇੱਕ ਰਿਪੋਰਟ ਅਨੁਸਾਰ, ਕੈਂਟ ਸਟੇਟ ਯੂਨੀਵਰਸਿਟੀ 'ਚ ਵਿਦਿਆਰਥੀਆਂ ਦੇ ਨਵੇਂ ਬੈਚਾਂ ਨੂੰ ਤੇਲਗੂ 'ਚ ਲਿਖੇ ਵੈਲਕਮ ਸਟੂਡੈਂਟਸ ਦੇ ਨਾਲ ਸਵਾਗਤੀ ਕਿਤਾਬਚੇ ਸੌਂਪੇ ਗਏ ਹਨ।

# ਪੰਜਾਬ ਦੀਆਂ ਜੇਲ੍ਹਾਂ 'ਚ ਪਿਆ ਘੜਮੱਸ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਜਦੋਂ ਵੀ ਨਸ਼ਿਆਂ ਖ਼ਿਲਾਫ਼ ਮੁਹਿੰਮ ਛਿੜਦੀ ਹੈ, ਪੰਜਾਬ ਦੀਆਂ ਜੇਲ੍ਹਾਂ 'ਚ ਘੜਮੱਸ ਮੱਚ ਜਾਂਦਾ ਹੈ। ਪੰਜਾਬ ਪੁਲੀਸ ਨੇ ਹੁਣ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੈ ਜਿਸ ਦੇ ਨਤੀਜੇ ਵਜੋਂ ਜੇਲ੍ਹਾਂ 'ਚ ਬੰਦੀਆਂ ਦੀ ਗਿਣਤੀ ਵਧਣ ਲੱਗੀ ਹੈ। ਬੀਤੇ ਦੋ ਵਰ੍ਹਿਆਂ ਦੌਰਾਨ ਜੇਲ੍ਹਾਂ 'ਚ ਤਕਰੀਬਨ 5,443 ਬੰਦੀਆਂ ਦਾ ਵਾਧਾ ਹੋ ਗਿਆ ਹੈ। ਹੁਣ ਜੇਲ੍ਹਾਂ 'ਚ ਨਸ਼ਾ ਤਸਕਰੀ ਵਾਲੇ ਕੇਸਾਂ ਦੇ ਬੰਦੀ ਵਧਣ ਲੱਗੇ ਹਨ ਜਦੋਂ ਕਿ ਜੇਲ੍ਹਾਂ ਦੀ ਸਮਰੱਥਾ ਘੱਟ ਹੈ। ਦੇਸ਼ 'ਚੋਂ ਪੰਜਾਬ ਛੋਟਾ ਸੂਬਾ ਹੈ ਪ੍ਰੰਤੂ ਇਹ ਮੁਲਕ 'ਚੋਂ ਜੇਲ੍ਹਾਂ 'ਚ ਬੰਦੀਆਂ ਦੇ ਲਿਹਾਜ਼ 'ਚ ਵੇਂ ਨੰਬਰ 'ਤੇ ਆ ਗਿਆ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਅੱਜ ਬੰਦੀਆਂ ਦੀ ਗਿਣਤੀ 31 ਹਜ਼ਾਰ 607 ਹੋ ਗਈ ਹੈ ਜਦੋਂ ਕਿ ਜੂਨ 2022 'ਚ ਇਹ ਅੰਕੜਾ 26,164 ਸੀ। ਜੇਲ੍ਹਾਂ 'ਚ 5,443 ਬੰਦੀ ਵਧ ਗਏ ਹਨ ਹਾਲਾਂਕਿ ਜੇਲ੍ਹਾਂ 'ਚ ਬੰਦੀਆਂ ਦਾ ਅੰਕੜਾ ਘੱਟਦਾ-ਵਧਦਾ ਰਹਿੰਦਾ ਹੈ ਲੇਕਿਨ ਹੁਣ ਪੰਜਾਬ ਪੁਲੀਸ ਨੇ ਨਸ਼ਿਆਂ ਖ਼ਿਲਾਫ਼ ਜੋ ਤਸਕਰਾਂ ਦੀ ਫ਼ੜੋ-ਫ਼ੜੀ ਸ਼ੁਰੂ ਕੀਤੀ ਹੈ, ਉਸ ਤੋਂ ਜਾਪਦਾ ਹੈ ਕਿ ਆਉਂਦੇ ਦਿਨਾਂ 'ਚ ਜੇਲ੍ਹਾਂ 'ਚ ਬੰਦੀਆਂ ਨੂੰ ਥਾਂ ਮਿਲਣੀ ਮੁਸ਼ਕਿਲ ਹੋ ਜਾਣੀ ਹੈ। ਸੂਬੇ ਦੀਆਂ ਜੇਲ੍ਹਾਂ ਦੀ ਸਮਰੱਥਾ 26 ਹਜ਼ਾਰ 904 ਬੰਦੀਆਂ ਦੀ ਹੈ, ਅਤੇ ਇਨ੍ਹਾਂ ਜੇਲ੍ਹਾਂ 'ਚ ਸਮਰੱਥਾ ਤੋਂ ਤਕਰੀਬਨ ਚਾਰ ਹਜ਼ਾਰ ਬੰਦੀ ਵੱਧ ਹਨ।
ਸੂਤਰ ਦੱਸਦੇ ਹਨ ਕਿ ਜੇਲ੍ਹਾਂ 'ਚ ਵਿਚਾਰ ਅਧੀਨ ਬੰਦੀ ਜ਼ਿਆਦਾ ਹਨ, ਅਤੇ ਇਨ੍ਹਾਂ 'ਚ NDPS ਕੇਸਾਂ ਵਾਲੇ ਬੰਦੀ ਜ਼ਿਆਦਾ ਹਨ। ਇਸ ਵੇਲੇ ਪੰਜਾਬ ਦੀਆਂ ਜੇਲ੍ਹਾਂ 'ਚ 1,548 ਔਰਤਾਂ ਵੀ ਬੰਦ ਹਨ। ਨਸ਼ਿਆਂ ਵਿਰੁੱਧ ਕੰਮ ਕਰਨ ਵਾਲੇ ਸਮਾਜਿਕ ਕਾਰਕੁਨ ਰੁਪਿੰਦਰਪਾਲ ਸਿੰਘ ਤਲਵੰਡੀ ਸਾਬੋ ਆਖਦੇ ਹਨ ਕਿ ਪੁਲੀਸ ਦੀ ਵਿਸ਼ੇਸ਼ ਮੁਹਿੰਮ ਨਾਲ ਜੇਲ੍ਹਾਂ 'ਚ ਬੰਦੀ ਤਾਂ ਵੱਧ ਜਾਂਦੇ ਹਨ ਪ੍ਰੰਤੂ ਬਹੁਤੇ ਬੰਦੀ ਕਾਨੂੰਨੀ ਖਾਮੀਆਂ ਕਰ ਕੇ ਜਲਦੀ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਰੋਕਣ ਵਾਸਤੇ ਬਹੁਪੱਖੀ ਰਣਨੀਤੀ ਤਿਆਰ ਕਰਨ ਦੀ ਲੋੜ ਹੈ। ਜੇ ਜੇਲ੍ਹਾਂ 'ਚ ਇਸੇ ਰਫ਼ਤਾਰ ਨਾਲ ਬੰਦੀਆਂ ਦਾ ਅੰਕੜਾ ਵਧਦਾ ਗਿਆ ਤਾਂ ਜੇਲ੍ਹਾਂ ਦੇ ਪ੍ਰਬੰਧ ਛੋਟੇ ਪੈ ਜਾਣੇ ਹਨ। ਨਸ਼ਿਆਂ ਖ਼ਿਲਾਫ਼ ਮੁਹਿੰਮ ਦੇ ਵਜੋਂ ਵਕੀਲਾਂ ਦਾ ਕੰਮਕਾਰ ਵੀ ਵੱਧ ਗਿਆ ਹੈ। ਪਿਛਲੀਆਂ ਸਰਕਾਰਾਂ ਸਮੇਂ ਵੀ ਜਦੋਂ ਨਸ਼ਿਆਂ ਖ਼ਿਲਾਫ਼ ਲੋਕ ਆਵਾਜ਼ ਉਠਦੀ ਸੀ ਤਾਂ ਬਾਕਾਇਦਾ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਂਦੀ ਸੀ ਜਿਸ ਤਹਿਤ ਵੱਧ ਤੋਂ ਵੱਧ ਕੇਸ ਦਰਜ ਕੀਤੇ ਜਾਂਦੇ ਸਨ। ਜਿਓਂ ਹੀ ਲੋਕਾਂ ਦਾ ਧਿਆਨ ਲਾਂਭੇ ਹੁੰਦਾ ਸੀ ਤਾਂ ਮੁਹਿੰਮ ਆਪਣੇ ਆਪ ਫ਼ੌਤ ਹੋ ਜਾਂਦੀ ਸੀ। ਲੰਘੀਆਂ ਲੋਕ ਸਭਾ ਚੋਣਾਂ 'ਚ ਨਸ਼ੇ ਮੁੜ ਮੁੱਦਾ ਬਣ ਕੇ ਉੱਭਰੇ ਸਨ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੀਆਂ ਜੇਲ੍ਹਾਂ 'ਚ 24 ਹਜ਼ਾਰ 956 ਬੰਦੀ ਹਨ ਜਦੋਂ ਕਿ ਰਾਜਸਥਾਨ ਦੀਆਂ ਜੇਲ੍ਹਾਂ 'ਚ 24 ਹਜ਼ਾਰ 67 ਬੰਦੀ ਹਨ। ਗੁਜਰਾਤ ਦੀਆਂ ਜੇਲ੍ਹਾਂ 'ਚ 18 ਹਜ਼ਾਰ 235 ਬੰਦੀ ਹਨ।

## ਪਾਕਿਸਤਾਨੀ ਪੰਜਾਬ ਦੀ ਸੂਬਾ ਸਰਕਾਰ ਨੇ ਸਿੱਖ ਮੈਰਿਜ ਐਕਟ 2024 ਨੂੰ ਮਨਜ਼ੂਰੀ ਦਿੱਤੀ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨੀ ਪੰਜਾਬ ਦੀ ਸੂਬਾ ਸਰਕਾਰ ਨੇ ਸਿੱਖ ਮੈਰਿਜ ਐਕਟ 2024 ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਸਿੱਖਾਂ ਦੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਜੋੜੇ ਆਪਣੇ ਵਿਆਹ ਅਤੇ ਤਲਾਕ ਨੂੰ ਰਜਿਸਟਰ ਕਰ ਸਕਣਗੇ। ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸੂਬਾਈ ਕੈਬਨਿਟ ਨੇ ਪੰਜਾਬ ਸਿੱਖ ਆਨੰਦ ਕਰਜ ਮੈਰਿਜ ਰਜਿਸਟਰਾਰ ਅਤੇ ਮੈਰਿਜ ਰੂਲਜ਼ 2024 ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਦੇ ਪਹਿਲੇ ਘੱਟ ਗਿਣਤੀ ਅਤੇ ਮਨੁੱਖੀ ਅਧਿਕਾਰ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਇਸ ਦਿਨ ਨੂੰ ਸਿੱਖਾਂ ਲਈ ਇਤਿਹਾਸਕ ਦਿਨ ਦੱਸਿਆ। ਅਰੋੜਾ ਨੇ ਕਿਹਾ ਕਿ ਪੰਜਾਬ ਸਿੱਖ ਮੈਰਿਜ ਐਕਟ ਲਾਗੂ ਕਰਨ ਵਾਲਾ ਦੁਨੀਆਂ ਦਾ ਪਹਿਲਾ ਸੂਬਾ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਦੂਜੇ ਸੂਬਿਆਂ ਅਤੇ ਦੇਸ਼ਾਂ ਤੋਂ ਸਿੱਖ ਅਪਣੇ ਵਿਆਹਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਪੰਜਾਬ ਆ ਸਕਦੇ ਹਨ। ਅਰੋੜਾ ਨੇ ਕਿਹਾ ਕਿ ਕੁੱਝ ਮਹੀਨਿਆਂ 'ਚ ਹਿੰਦੂ ਮੈਰਿਜ ਐਕਟ ਨੂੰ ਵੀ ਕੈਬਨਿਟ ਦੀ ਮਨਜ਼ੂਰੀ ਲਈ ਪੇਸ਼ ਕੀਤਾ ਜਾਵੇਗਾ।

## ਬਾਦਲ ਜਾਂ ਬਾਗ਼ੀ ਦਲ ਦੀ ਬੇੜੀ 'ਚ ਨਹੀਂ ਧਰਾਂਗਾ ਪੈਰ - ਸਰਬਜੀਤ ਸਿੰਘ ਖ਼ਾਲਸਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਫ਼ਰੀਦਕੋਟ ਤੋਂ ਆਜ਼ਾਦ ਤੌਰ 'ਤੇ ਵੱਡੀ ਜਿੱਤ ਹਾਸਿਲ ਕਰਨ ਵਾਲੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਥਿਤੀ ਬਾਰੇ ਕਿਹਾ ਕਿ ਪੰਥਕ ਰਵਾਇਤਾਂ ਤੇ ਸਿਧਾਂਤਾਂ ਤੋਂ ਦੂਰ ਹੋਈ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਵੱਲੋਂ ਕੀਤੇ ਪੰਥ ਵਿਰੋਧੀ ਕਾਰਜਾਂ ਦੀ ਸਜ਼ਾ ਭੁਗਤ ਰਹੀ ਹੈ। ਉਹ ਬਾਗੀਆਂ ਜਾਂ ਫ਼ਿਰ ਬਾਦਲ ਧੜੇ ਦੀ ਬੇੜੀ 'ਚ ਪੈਰ ਨਹੀਂ ਰੱਖਣਗੇ।
ਭਾਈ ਖਾਲਸਾ ਪਟਿਆਲਾ 'ਚ ਇੱਕ ਨਿੱਜੀ ਪ੍ਰੋਗਰਾਮ 'ਚ ਆਏ ਸਨ।
ਇਸ ਮੌਕੇ ਉਨ੍ਹਾਂ ਗੱਲ ਕਰਦਿਆਂ ਕਿਹਾ ਕਿ ਉਹ ਆਪਣੀ ਅਗਲੀ ਰਣਨੀਤੀ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਹੀ ਬਣਾਉਣਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਤੋਂ ਬਗੈਰ ਉਨ੍ਹਾਂ ਦਾ ਹਾਲੇ ਤਕ ਕਿਸੇ ਹੋਰ ਨਾਲ ਕੋਈ ਸਬੰਧ ਨਹੀਂ। ਲੋਕ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ 'ਚੋਂ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਕੇ MP ਬਣੇ ਅੰਮ੍ਰਿਤਪਾਲ ਸਿੰਘ 'ਤੇ NSA ਵਧਾ ਦੇਣਾ ਤੇ ਉਸ ਨੂੰ ਸਹੁੰ ਚੁੱਕਣ ਲਈ ਵੀ ਜੇਲ੍ਹ 'ਚੋਂ ਬਾਹਰ ਨਾ ਆਉਣ ਦੇਣ 'ਤੇ ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ।
ਉਨ੍ਹਾਂ ਅਕਾਲ ਤਖ਼ਤ ਬਾਰੇ ਕਿਹਾ ਕਿ ਉਨ੍ਹਾਂ ਸਾਹਮਣੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੋ ਜਥੇਦਾਰ ਹਨ। ਉਹ ਉਨ੍ਹਾਂ ਦੋਵਾਂ ਦਾ ਸਤਿਕਾਰ ਕਰਦੇ ਹਨ।

# ਮੈਂ ਆਸਾਨੀ ਨਾਲ ਕਰ ਸਕਦਾ ਸੀ ਭਾਜਪਾ ਨਾਲ ਸਮਝੌਤਾ - ਸੁਖਬੀਰ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਦੇ ਸੈਕਟਰ-28 'ਚ ਸਥਿਤ ਪਾਰਟੀ ਦੇ ਮੁੱਖ ਦਫ਼ਤਰ 'ਚ ਯੂਥ ਅਕਾਲੀ ਦਲ ਦੀ ਸੁਮੱਚੀ ਲੀਡਰਸ਼ਿਪ ਨਾਲ ਮੀਟਿੰਗ ਕੀਤੀ। ਯੁਥ ਅਕਾਲੀ ਦਲ ਦੇ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ 'ਚ ਪੂਰਨ ਭਰੋਸਾ ਪ੍ਰਗਟਾਉਂਦਿਆਂ ਕਿਹਾ ਕਿ ਮੌਜੂਦਾ ਹਾਲਾਤ 'ਚ ਸਿਰਫ਼ ਸੁਖਬੀਰ ਬਾਦਲ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਪ੍ਰਭਾਵਸ਼ਾਲੀ ਲੀਡਰਸ਼ਿਪ ਦੇ ਸਕਦੇ ਹਨ। ਯੂਥ ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ ਸਿਧਾਂਤਾਂ ਨਾਲ ਕਦੇ ਵੀ ਸਮਝੌਤਾ ਨਹੀਂ ਹੋ ਸਕਦਾ ਹੈ। ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਵਲੋਂ ਖਾਲਸਾ ਪੰਥ, ਪੰਜਾਬ ਤੇ ਅਕਾਲੀ ਦਲ ਦੇ ਵਕਾਰ ਨਾਲ ਸਮਝੌਤਾ ਨਾ ਕਰਨ ਦੀ ਸ਼ਲਾਘਾ ਕੀਤੀ। ਮੀਟਿੰਗ 'ਚ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਪਰਮਬੰਸ ਸਿੰਘ ਰੋਮਾਣਾ ਵੀ ਮੌਜੂਦ ਰਹੇ ਸੁਖਬੀਰ ਸਿੰਘ ਬਾਦਲ ਨੇ ਕਿਹਾ, "ਮੈਂ ਵੀ ਆਸਾਨੀ ਨਾਲ ਭਾਜਪਾ ਨਾਲ ਸਮਝੌਤਾ ਕਰ ਸਕਦਾ ਸੀ, ਪਰ ਮੈਂ ਇਸ ਕਰ ਕੇ ਨਾਂਹ ਕੀਤੀ ਸੀ ਕਿਉਂਕਿ ਮੈਨੂੰ ਕਿਹਾ ਗਿਆ ਸੀ ਕਿ ਮੈਂ ਬੰਦੀ ਸਿੰਘਾਂ, ਪੰਜਾਬ ਦੇ ਦਰਿਆਈ ਪਾਣੀਆਂ, ਇਸ ਦੀ ਰਾਜਧਾਨੀ ਸਮੇਤ ਪੰਜਾਬ ਦੇ



ਮਸਲਿਆਂ 'ਤੇ ਚਰਚਾ ਕੀਤੇ ਬਗੈਰ ਸੀਟਾਂ ਦਾ ਲੈਣ ਦੇਣ ਕਰ ਲਵਾਂ।" ਬਾਦਲ ਨੇ ਯੂਥ ਅਕਾਲੀ ਦਲ ਦੇ ਆਗੂਆਂ ਵਲੋਂ ਪੇਸ਼ ਕੀਤੇ ਸੁਝਾਅ ਸੁਣੇ ਅਤੇ ਚੋਣਾਂ 'ਚ ਨੌਜਵਾਨ ਚਿਹਰਿਆਂ ਨੂੰ ਢੁਕਵੀਂ ਪ੍ਰਤੀਨਿਧਤਾ ਦੇ ਕੇ ਨੌਜਵਾਨਾਂ ਦੀ ਪਾਰਟੀ 'ਚ ਸ਼ਮੂਲੀਅਤ ਵਧਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਯੂਥ ਵਿੰਗ ਨੂੰ ਅਹਿਮ ਜ਼ਿੰਮੇਵਾਰੀਆਂ ਦੇ ਕੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਦੇ ਪ੍ਰੋਗਰਾਮ 'ਤੇ ਕੰਮ ਕਰ ਰਹੀ ਹੈ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਮੌਕਾਪ੍ਰਸਤ ਤੱਤਾਂ ਵਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਨੂੰ ਫ਼ੇਲ੍ਹ ਕਰਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਤੇ ਕੰਟਰੋਲ ਲਈ ਕੇਂਦਰੀ ਏਜੰਸੀਆਂ ਤੋਂ ਚੌਕਸ ਰਹਿਣ।
ਪਾਰਟੀ ਦਾ ਨੁਕਸਾਨ ਕਰਨ 'ਚ ਰੱਖੜਾ ਤੇ ਚੰਦੂਮਾਜਰਾ ਸਭ ਤੋਂ ਮੋਹਰੀ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਪਿੱਛੇ ਵੱਡੇ ਲੋਕਾਂ ਦਾ ਹੱਥ ਹੈ। ਸੁਖਬੀਰ ਬਾਦਲ ਇੱਥੇ ਸਾਬਕਾ IAS ਅਮਰਜੀਤ ਸਿੰਘ ਸਿੱਧੂ ਦੀ ਮੌਤ 'ਤੇ ਉਸ ਦੇ ਪੁੱਤਰ ਸੁਖਮਨ ਸਿੰਘ ਸਿੱਧੂ ਨਾਲ ਅਫ਼ਸੋਸ ਕਰਨ ਪਹੁੰਚੇ ਹੋਏ ਸਨ। ਉਨ੍ਹਾਂ ਕਿਹਾ ਕਿ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਸੁਰਜੀਤ ਸਿੰਘ ਰੱਖੜਾ ਪਹਿਲਾਂ ਇੱਕ-ਦੂਜੇ ਨੂੰ ਦੇਖਣਾ ਵੀ ਪਸੰਦ ਨਹੀਂ ਕਰਦੇ ਸਨ, ਪਰ ਉਹ ਅੱਜ ਬਗ਼ਾਵਤ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ 'ਚ ਸਭ ਤੋਂ ਮੋਹਰੀ ਰੋਲ ਨਿਭਾ ਰਹੇ ਹਨ ਅਤੇ ਦੋਵੇਂ ਆਗੂ ਸ਼੍ਰੋਮਣੀ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ ਸਾਂਝੀਆਂ ਕੋਸ਼ਿਸ਼ਾਂ ਕਰ ਰਹੇ ਹਨ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ, "ਅਸੀਂ ਫ਼ੇਰ ਵੀ ਉਨ੍ਹਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਦਰ ਖੁੱਲ੍ਹੇ ਰੱਖੇ ਹਨ ਉਹ ਕਿਸੇ ਵੇਲੇ ਵੀ ਪਾਰਟੀ 'ਚ ਆ ਕੇ ਆਪਣੀਆਂ ਸ਼ਿਕਾਇਤਾਂ ਦੱਸ ਸਕਦੇ ਹਨ ਜਿਨ੍ਹਾਂ ਪ੍ਰਤੀ ਉਹ ਜਵਾਬ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਲੜ ਰਹੀ ਸੁਰਜੀਤ ਕੌਰ ਤੋਂ ਸਮਰਥਨ ਵਾਪਿਸ ਲੈਣ ਦਾ ਫ਼ੈਸਲਾ ਪਾਰਟੀ ਦਾ ਹੈ।





